GPSingh Immigration
GP SINGH IMMIGRATION INC.
Licenced Immigration Consultant
Refugee Claims
Family Sponsership
Work Permit
Study Permit
Super Visa
Visitor Visa
Spousal Visa and PR

Gagapreet Singh
(MEngg, RCIC-IRB)
Commissioner of Oath
7657 Rue Cordner Lasalle H8N2X2
+1 514-559-7525

Real ਦੇਸੀ ਟਾਈਮਜ਼
Desi Times
ਹਫਤਾਵਾਰੀ
www.desitimes.ca
QCNA
DESI TIMES WEEKLY VOLUME 7 ISSUE #493 Friday, 26 April, 2024

Matrimonial
Canadian Well settled Sikh khatri ਪਰਿਵਾਰ ਨੂੰ ਆਪਣੀ Canadian Born 1993 Born ਲੜਕੀ ਕੱਦ 5 ਫੁੱਟ 9 ਇਚ, Accounting ਦੀ Degree Holder Air Canada ਦੇ Head Quater Finance department ਵਿਚ ਕੰਮ ਕਰਦੀ ਲਈ ਲੜਕੇ ਦੀ ਲੋੜ ਹੈ। ਲੜਕਾ Canadian Born ਪੜ੍ਹਿਆ ਲਿਖਿਆ well settled ਪਰਿਵਾਰ ਦਾ ਹੋਵੇ ਜਾ ਅੱਛੀ ਜਾਬ ਜਾਂ ਚੰਗਾ ਕਾਰੋਬਾਰ ਕਰਦਾ ਹੋਵੇ। ਕੱਦ 6 ਫੁੱਟ ਤੇ ਦਾੜੀ Trim ਕਰਦਾ ਹੋਵੇ।
**Please Send Biodata and Pictures. Contact : Cell 514-465-8920, Whatsapp 514-465-8920**

# ਵੱਧਦੀ ਮਹਿੰਗਾਈ ਕਾਰਣ ਕੈਨੇਡੀਅਨ ਮਾਨਸਿਕ ਤਣਾਓ ਦਾ ਸ਼ਿਕਾਰ

## 2023 ਸਾਲ ਦੌਰਾਨ ਕੈਨੇਡਾ ’ਚ ਵਿੱਚ 4500 ਤੋਂ ਵੱਧ ਲੋਕਾਂ ਨੇ ਕੀਤੀ ਖੁਦਕੁਸ਼ੀ

ਓਟਾਵਾ : ਆਰਥਿਕ ਤੰਗੀ ਤੋਂ ਪ੍ਰੇਸ਼ਾਨ ਕੈਨੇਡਾ ਵਿੱਚ ਮਾਨਸਿਕ ਤਣਾਅ ਨਾਲ ਜੂਝ ਰਹੇ ਲੋਕਾਂ ਵਿੱਚ ਆਤਮ ਹੱਤਿਆ ਦਾ ਰੁਝਾਨ ਵੀ ਵੱਧਣ ਲੱਗਾ ਹੈ। ਜ਼ਿਕਰਯੋਗ ਹੈ ਪਿਛਲੇ ਕੁਝ ਸਾਲਾਂ ਦੌਰਾਨ ਅਮੀਰ ਵਰਗ ਬਹੁਤ ਜ਼ਿਆਦਾ ਤੇਜ਼ੀ ਨਾਲ ਹੋਰ ਅਮੀਰ ਹੋ ਰਹੇ ਹਨ ਅਤੇ ਮੱਧ ਵਰਗ ਗਰੀਬੀ ਵਲ ਧੱਕਿਆ ਜਾ ਰਿਹਾ ਹੈ । ਇੱਕ ਨਵੀਂ ਰਿਪੋਰਟ ਵਿੱਚ ਜਾਰੀ ਹੋਏ ਅੰਕੜੇ ਹੈਰਾਨ ਕਰਨ ਵਾਲੇ ਹਨ ਜਿਸ ਦੇ ਅਨੁਸਾਰ ਕੈਨੇਡਾ ਵਿੱਚ ਹਰ ਸਾਲ 4500 ਦੇ ਕਰੀਬ ਲੋਕ ਆਤਮ ਹੱਤਿਆ ਦਾ ਰਾਹ ਚੁਣਦੇ ਹਨ ਜੋ ਕਿ ਤਕਰੀਬਨ 12 ਲੋਕਾਂ ਦੀ ਰੋਜ਼ਾਨਾ ਮੌਤ ਦੇ ਬਰਾਬਰ ਹੈ। ਜਿਸ ਦੇ ਨਾਲ ਹੀ ਇਹ ਵੀ ਖੁਲਾਸਾ ਹੋਇਆ ਹੈ ਕਿ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਆਈ ਮਹਿੰਗਾਈ, ਵਧੇਰੇ ਵਿਆਜ਼ ਦਰਾਂ ਅਤੇ ਬੇਰੁਜ਼ਗਾਰੀ ਨਾਲ ਸੰਘਰਸ਼ ਕਰ ਰਹੇ ਹਨ ਲੋਕਾਂ ਵਿਚ 200 ਦੇ ਕਰੀਬ ਲੋਕ ਅਜਿਹੇ ਹਨ ਜੋ ਆਤਮ ਹੱਤਿਆ ਕਰਨ ਬਾਰੇ ਸੋਚਦੇ ਹਨ।ਮੈਂਟਲ ਹੈਲਥ ਰਿਸਰਚ ਕੈਨੇਡਾ ਵਲੋਂ ਕਰਵਾਏ ਸਰਵੇਖਣ ਦੇ ਅਨੁਸਾਰ ਆਰਥਿਕ




ਸੰਕਟ ਦਾ ਸਾਹਮਣਾ ਕਰ ਰਹੇ ਕੈਨੇਡੀਅਨ ਸੱਤ ਵਿੱਚੋਂ ਇੱਕ ਕੈਨੇਡੀਅਨ ਨੇ ਖੁਦਕੁਸ਼ੀ ਬਾਰੇ ਸੋਚਿਆ ਹੈ। ਸਰਵੇਖਣ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਖੁਦਕੁਸ਼ੀ ਨੌਜਵਾਨਾਂ ਵਿੱਚ ਵਧੇਰੇ ਪ੍ਰਚਲਿਤ ਹੋ ਰਹੀ ਹੈ, ਅਤੇ ਖਾਸ ਤੌਰ ‘ਤੇ 16-17 ਸਾਲ ਦੀ ਉਮਰ ਦੇ ਲੋਕਾਂ ਨੌਜਵਾਨ 18-34 ਸਾਲ ਦੀ ਉਮਰ ਦੇ ਨੌਜਵਾਨਾਂ ਦੇ ਮੁਕਾਬਲੇ ਜ਼ਿਆਦਾ ਖੁਦਕੁਸ਼ੀ ਬਾਰੇ ਸੋਚਦੇ ਹਨ।ਬੀ.ਸੀ. ਵਿੱਚ ਪਿਛਲੇ ਕੁਝ ਹਫ਼ਤਿਆਂ ਦੌਰਾਨ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ ਜਿਥੇ ਨੌਜਵਾਨਾਂ ਵਲੋਂ ਖੁਦਕੁਸ਼ੀ ਕੀਤੀ ਗਈ। ਕਈ ਨੌਜਵਾਨਾਂ ਜੋ ਮਾਨਸਿਕ ਸਿਹਤ ਤੋਂ ਪ੍ਰੇਸ਼ਾਨ ਸਨ, ਨੇ ਸਕਾਈ ਟ੍ਰੇਨ ਦੇ ਅੱਗੇ ਆ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਇੱਕ ਅਧਿਐਨ ਵਿੱਚ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਵਿੱਤੀ ਹਾਲਾਤਾਂ ਨਾਲ ਜੂਝ ਰਹੇ ਲੋਕ ਜਿਨ੍ਹਾਂ ਨੂੰ ਆਪਣੇ ਖਰਚੇ ਪੂਰੇ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ ਉਹਨਾਂ ਲੋਕਾਂ ਵਿੱਚ ਖੁਦਕੁਸ਼ੀ ਦੀ ਸੰਭਾਵਨਾ ਤੇਜ਼ੀ ਨਾਲ ਵੱਧ ਰਹੀ ਹੈ। ਸਰਵੇਖਣ ਅਨੁਸਾਰ ਜਿਹੜੇ ਬੇਰੁਜ਼ਗਾਰ ਹਨ ਉਹ 24 ਪ੍ਰਤੀਸ਼ਤ, ਜਿਨ੍ਹਾਂ ਦੀ ਆਮਦਨ 30,000 ਡਾਲਰ ਤੋਂ ਘੱਟ ਹੈ ਉਹ 21 ਪ੍ਰਤੀਸ਼ਤ, ਵਿੱਤੀ ਪਰੇਸ਼ਾਨੀਆਂ ਜਾਂ ਮਹਿੰਗਾਈ ਕਾਰਨ ਜੋ ਲੋਕ ਕਰਜ਼ੇ ਵਿੱਚ ਹਨ ਉਹ 41 ਪ੍ਰਤੀਸ਼ਤ ਖੁਦਕੁਸ਼ੀ ਕਰਨ ਬਾਰੇ ਸੋਚਦੇ ਹਨ। ਸਰਵੇਖਣ ਵਿੱਚ 3,819 ਕੈਨੇਡੀਅਨਾਂ ਨੂੰ ਸ਼ਾਮਲ ਕੀਤਾ ਗਿਆ ਸੀ ਅਤੇ ਇਹ ੍ਹਛ ਦੀ 17ਵੀਂ ਰਿਪੋਰਟ ਹੈ, ਜਿਸ ਵਿੱਚ ਅਪ੍ਰੈਲ 2020 ਤੋਂ ਬਾਅਦ ਕੈਨੇਡੀਅਨਾਂ ਦੀ ਮਾਨਸਿਕ ਸਿਹਤ ਦਾ ਪਤਾ ਲਗਾਇਆ ਗਿਆ ਹੈ। ਕੈਨੇਡਾ ਦੀ ਸਲਾਨਾ ਮਹਿੰਗਾਈ ਦਰ ਵਿਚ ਮਾਰਚ ਮਹੀਨੇ ਦੌਰਾਨ ਮਾਮੂਲੀ ਵਾਧਾ ਦਰਜ ਹੋਇਆ ਹੈ। ਸਟੈਟਿਸਟਿਕਸ ਕੈਨੇਡਾ ਅਨੁਸਾਰ ਗੈਸੋਲੀਨ ਦੀਆਂ ਕੀਮਤਾਂ ਵਿਚ ਵਾਧਾ ਅਤੇ ਰਿਹਾਇਸ਼ੀ ਲਾਗਤਾਂ ਮਹਿੰਗਾਈ ਦਰ ਨੂੰ ਉੱਪਰ ਲਿਜਾਉਣ ਵਿਚ ਅੰਸ਼ਕ ਤੌਰ ‘ਤੇ ਜ਼ਿੰਮੇਵਾਰ ਰਹੀਆਂ। ਮਾਰਚ 2024 ਵਿਚ ਮਹਿੰਗਾਈ ਦਰ 2.9% ਦਰਜ ਕੀਤੀ ਗਈ।


# ਭਾਰਤ ਦੀਆਂ ਲੋਕ ਸਭਾ ਚੋਣਾਂ ’ਚ ਵੋਟ ਪਾਉਣਾ ਚਾਹੁੰਦੇ ਨੇ ਕੈਨੇਡਾ ਰਹਿੰਦੇ ਹਜ਼ਾਰਾਂ ਭਾਰਤੀ

## 13. 50 ਲੱਖ ਪ੍ਰਵਾਸੀਆਂ ਵਿਚੋਂ ਸਿਰ਼ਫ ਇਕ ਲੱਖ ਨੇ ਦਰਜ ਕਰਵਾਏ ਨਾਂ ਹਾਈ ਕਮਿਸ਼ਨ ਅਤੇ ਕੌਂਸਲੇਟਸ ’ਚ ਵੋਟਿੰਗ ਦਾ ਪ੍ਰਬੰਧ ਕਰਨ ਦੀ ਉਠੀ ਮੰਗ




ਟੋਰਾਂਟੋ : ਭਾਰਤ ਵਿਚ ਵੋਟਾਂ ਪੈਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ ਅਤੇ ਕੈਨੇਡਾ-ਅਮਰੀਕਾ ਸਣੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਰਹਿੰਦੇ 13 ਲੱਖ 50 ਹਜ਼ਾਰ ਪ੍ਰਵਾਸੀਆਂ ਕੋਲ ਵੋਟ ਪਾਉਣ ਦਾ ਹੱਕ ਹੈ ਪਰ ਕੁਝ ਕਾਰਨਾਂ ਕਰ ਕੇ ਸਿਰਫ ਇਕ ਲੱਖ ਪ੍ਰਵਾਸੀਆਂ ਨੇ ਆਪਣਾ ਨਾਂ ਵੋਟਿੰਗ ਲਈ ਰਜਿਸਟਰਡ ਕਰਵਾਇਆ ਹੈ। ਕੈਨੇਡਾ ਰਹਿੰਦੇ ਪ੍ਰਮੋਦ ਛਾਬੜਾ ਇਨ੍ਹਾਂ ਵਿਚੋਂ ਇਕ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਡਾਲਰ ਕਿਰਾਇਆ ਖਰਚ ਕੇ ਕੋਈ ਨਹੀਂ ਜਾਣਾ ਚਾਹੁੰਦਾ। ਪ੍ਰਮੋਦ ਛਾਬੜਾ ਮੁਤਾਬਕ ਜੇ ਸਫਰ ਸਿਰਫ ਤਿੰਨ-ਚਾਰ ਘੰਟੇ ਦਾ ਹੁੰਦਾ ਤਾਂ ਹਜ਼ਾਰਾਂ ਲੋਕ ਵੋਟ ਪਾਉਣ ਜਾ ਸਕਦੇ ਸਨ। ਅਜਿਹੇ ਵਿਚ ਭਾਰਤ ਸਰਕਾਰ ਨੂੰ ਫਿਲੀਪੀਨਜ਼ ਦੀ ਤਰਜ਼ ’ਤੇ ਵਿਦੇਸ਼ਾਂ ਵਿਚ ਹੀ ਵੋਟਿੰਗ ਲਈ ਪ੍ਰਬੰਧ ਕਰਨੇ ਚਾਹੀਦੇ ਹਨ। ਇੱਕ ਰਿਪੋਰਟ ਮੁਤਾਬਕ ਓਟਾਵਾ ਦੇ ਇਕ ਕਮਿਊਨਿਟੀ ਗਰੁੱਪ ਦੇ ਪ੍ਰਧਾਨ ਪ੍ਰਮੋਦ ਛਾਬੜਾ ਨੇ ਕਿਹਾ ਕਿ ਭਾਰਤੀ ਸਿਆਸਤ ਵਿਚ ਉਨ੍ਹਾਂ ਨੂੰ ਕਾਫੀ ਦਿਲਚਸਪੀ ਹੈ ਪਰ ਆਉਣ ਜਾਣ ਵਿਚ ਲੱਗਣ ਵਾਲਾ ਸਮਾਂ ਅਤੇ ਪੈਸਾ ਵੱਡੇ ਅੜਿੱਕੇ ਬਣ ਜਾਂਦੇ ਹਨ। ਦੂਜੇ ਪਾਸੇ ਫਿਲੀਪੀਨਜ਼ ਵੱਲੋਂ ਵਿਦੇਸ਼ਾਂ ਵਿਚ ਰਹਿੰਦੇ ਆਪਣੇ ਨਾਗਰਿਕਾਂ ਲਈ ਖਾਸ ਪ੍ਰਬੰਧ ਕੀਤਾ ਗਿਆ ਹੈ। ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਵਿਚ ਰਹਿੰਦੇ ਫਿਲੀਪੀਨਜ਼ ਦੇ ਲੋਕ ਅੰਬੈਸੀਆਂ ਜਾਂ ਕੌਂਸਲੇਟਸ ਵਿਚ ਜਾ ਕੇ ਵੋਟ ਪਾ ਸਕਦੇ ਹਨ। ਇਸ ਤੋਂ ਇਲਾਵਾ ਡਾਕ ਰਾਹੀਂ ਵੋਟ ਪਾਉਣ ਦੀ ਸਹੂਲਤ ਵੀ ਦਿੱਤੀ ਗਈ ਹੈ।ਯੂਨੀਵਰਸਿਟੀ ਆਫ ਵਿਕਟੋਰੀਆ ਵਿਚ ਰਾਜਨੀਤੀ ਵਿਗਿਆਨ ਦੀ ਪ੍ਰੋਫੈਸਰ ਰਹਿ ਚੁੱਕੀ ਰੀਟਾ ਸੀ. ਟ੍ਰੈਂਬਲੇਅ ਦਾ ਕਹਿਣਾ ਸੀ ਕਿ ਆਮ ਤੌਰ ’ਤੇ ਇਹੋ ਦਲੀਲ ਦਿੱਤੀ ਜਾਂਦੀ ਹੈ ਕਿ ਵਿਦੇਸ਼ਾਂ ਵਿਚ ਵਸਦੇ ਭਾਰਤੀ ਨਾਗਰਿਕਾਂ ਨੂੰ ਘਰੇਲੂ ਮੁੱਦਿਆਂ ਬਾਰੇ ਘੱਟ ਜਾਣਕਾਰੀ ਹੁੰਦੀ ਹੈ ਜਿਸ ਦੇ ਮੱਦੇਨਜ਼ਰ ਉਨ੍ਹਾਂ ਦੀਆਂ ਵੋਟਾਂ ਚੋਣ ਨਤੀਜਿਆਂ ’ਤੇ ਵੱਖਰਾ ਅਸਰ ਪਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਓਵਰਸੀਜ਼ ਵੋਟਰਜ਼ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਕਦਮ ਉਠਾਉਣੇ ਚਾਹੀਦੇ ਹਨ। ਇਸੇ ਦੌਰਾਨ ਇੰਡੀਆ ਕੈਨੇਡਾ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ ਨਸੀਰ ਮਹਿਦੀ ਖਾਨ ਨੇ ਦੱਸਿਆ ਕਿ ਸਿਰਫ ਟੈਕ ਸੈਕਟਰ ਵਿਚ 25 ਹਜ਼ਾਰ ਭਾਰਤੀ ਵਰਕ ਪਰਮਿਟ ’ਤੇ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਵਿਚੋਂ ਕਈ ਵੋਟ ਪਾਉਣ ਦੇ ਇੱਛਕ ਹਨ। ਉਨ੍ਹਾਂ ਵੱਲੋਂ ਇਹ ਇੱਛਾ ਭਾਰਤ ਦੇ ਹਾਈ ਕਮਿਸ਼ਨਰ ਤੱਕ ਪਹੁੰਚਾਉਣ ਦੀ ਗੁਜ਼ਾਰਿਸ਼ ਵੀ ਕੀਤੀ ਗਈ ਹੈ।


ਤੁਹਾਡਾ ਆਪਣਾ ਪੰਜਾਬੀ ਸਟੋਰ
ROGERS™ fido
Abdul Rehman
6700 Ch de la cote des neiges k-27 H3S2B3
514-638-2222, 514-629-0000



Canada
Joyeux Vaisakhi
DE LA PART DE VOS DÉPUTÉS FÉDÉRAUX LIBÉRAUX
Happy Vaisakhi
FROM YOUR FEDERAL LIBERAL MPs
TRÈS HON. JUSTIN TRUDEAU
DÉPUTÉ / MP
Papineau
Justin.Trudeau.c1c@parl.gc.ca
(514) 277-6020
ANJU DHILLON
DÉPUTÉE / MP
Dorval – Lachine – LaSalle
Anju.Dhillon@parl.gc.ca
(514) 639-4497
EMMANUEL DUBOURG
DÉPUTÉ / MP
Bourassa
Emmanuel.Dubourg@parl.gc.ca
(514) 323-1212
FAYÇAL EL-KHOURY
DÉPUTÉ / MP
Laval – Les Îles
Faycal.El-Khoury@parl.gc.ca
(450) 689-4594
ANNA GAINEY
DÉPUTÉE / MP
Notre-Dame-de-Grâce-Westmount
Anna.Gainey@parl.gc.ca
(514) 481-1897
HON. STEVEN GUILBEAULT
DÉPUTÉ / MP
Laurier – Sainte-Marie
Steven.Guilbeault@parl.gc.ca
(514) 522-1339
ANTHONY HOUSEFATHER
DÉPUTÉ / MP
Mont-Royal / Mount Royal
Anthony.Housefather@parl.gc.ca
(514) 283-0171
ANGELO IACONO
DÉPUTÉ / MP
Alfred-Pellan
Angelo.Iacono@parl.gc.ca
(450) 661-4117
HON. MÉLANIE JOLY
DÉPUTÉE / MP
Ahuntsic-Cartierville
Melanie.Joly@parl.gc.ca
(514) 383-3709
ANNIE KOUTRAKIS
DÉPUTÉE / MP
Vimy
Annie.Koutrakis@parl.gc.ca
(450) 973-5660
EMMANUELLA LAMBROPOULOS
DÉPUTÉE / MP
Saint-Laurent
Emmanuella.Lambropoulos@parl.gc.ca
(514) 335-6655
PATRICIA LATTANZIO
DÉPUTÉE / MP
Saint-Léonard – Saint-Michel
Patricia.Lattanzio@parl.gc.ca
(514) 256-4548
HON. SORAYA MARTINEZ FERRADA
DÉPUTÉE / MP
Hochelaga
Soraya.Martinez.Ferrada@parl.gc.ca
(514) 283-2655
ALEXANDRA MENDÈS
DÉPUTÉE / MP
Brossard – Saint-Lambert
Alexandra.Mendes@parl.gc.ca
(450) 466-6872
HON. MARC MILLER
DÉPUTÉ / MP
Ville-Marie–Le Sud-Ouest–Île-des-Soeurs
Marc.Miller@parl.gc.ca
(514) 496-4885
YVES ROBILLARD
DÉPUTÉ / MP
Marc-Aurèle-Fortin
Yves.Robillard@parl.gc.ca
(450) 622-2992
HON. PABLO RODRIGUEZ
DÉPUTÉ / MP
Honoré-Mercier
Pablo.Rodriguez@parl.gc.ca
(514) 353-5044
FRANCIS SCARPALEGGIA
DÉPUTÉ / MP
Lac-Saint-Louis
Francis.Scarpaleggia@parl.gc.ca
(514) 695-6661
SHERRY ROMANADO
DÉPUTÉE / MP
Longueuil – Charles-LeMoyne
Sherry.Romanado@parl.gc.ca
(450) 671-1222
SAMEER ZUBERI
DÉPUTÉ / MP
Pierrefonds – Dollard
Sameer.Zuberi@parl.gc.ca
(514) 624-5725

# ਮਹਿਲਾ ਸਣੇ ਤਿੰਨ ਜਣਿਆਂ ਨੇ ਠੇਕੇ ਤੋਂ ਸ਼ਰਾਬ ਲੁੱਟੀ

ਵੈਨਕੂਵਰ : ਕੈਨੇਡਾ ਵਿੱਚ ਦੋ ਪੁਰਸ਼ਾਂ ਤੇ ਇੱਕ ਮਹਿਲਾ ਵੱਲੋਂ ਠੇਕੇ ਤੋਂ ਸ਼ਰਾਬ ਲੁੱਟਣ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਸਬੰਧੀ ਲੰਘੇ ਦਿਨ ਤੋਂ ਵੀਡੀਓ ਵਾਇਰਲ ਹੋਈ ਹੈ, ਜਿਸ 'ਚ ਦੋ ਪੁਰਸ਼ ਤੇ ਇਕ ਔਰਤ ਸ਼ਰਾਬ ਸਟੋਰ (ਠੇਕਾ) ਲੁੱਟਦੇ ਹੋਏ ਦਿਖਾਈ ਦੇ ਰਹੇ ਹਨ। ਵੀਡੀਓ ਮੁਤਾਬਕ ਤਿੰਨੋਂ ਜਣੇ ਵੱਡੇ ਬੈਗ ਵਿੱਚ ਸ਼ਰਾਬ ਦੀਆਂ ਬੋਤਲਾਂ ਪਾ ਕੇ ਬਿਨਾਂ ਅਦਾਇਗੀ ਕੀਤੇ ਜਬਰੀ ਲਿਜਾਣ ਲੱਗਦੇ ਹਨ ਤਾਂ ਉੱਥੇ ਖੜ੍ਹਾ ਇੱਕ ਗੋਰਾ ਗਾਹਕ ਉਨ੍ਹਾਂ ਦੋਵਾਂ ਪੁਰਸ਼ਾਂ ਨੂੰ ਘਸੁੰਨ ਮਾਰ ਕੇ ਰੋਕਣ ਦਾ ਯਤਨ ਕਰਦਾ ਹੈ।ਇਸ ਦੌਰਾਨ ਔਰਤ ਭਰੇ ਹੋਏ ਬੈਗ ਸਟੋਰ 'ਚੋਂ ਬਾਹਰ ਲਿਜਾਂਦੀ ਵਿਖਾਈ ਦਿੰਦੀ ਹੈ ਤੇ ਸਟੋਰ ਦਾ ਮੈਨੇਜਰ ਸਰੀਰਕ ਨੁਕਸਾਨ ਦੇ ਡਰੋਂ ਕੁੱਟਮਾਰ ਕਰਨ ਵਾਲੇ ਨੌਜਵਾਨਾਂ ਨੂੰ ਉਥੋਂ ਜਾਣ ਦੇਣ ਲਈ ਆਖਦਾ ਹੈ। ਵੀਡੀਓ 'ਚ ਦਿਖਾਈ ਦੇ ਰਹੇ ਤਿੰਨੋਂ ਜਣੇ ਹਰਕਤਾਂ ਤੋਂ ਦੱਖਣ ਏਸ਼ਿਆਈ ਲੱਗਦੇ ਹਨ, ਜਦਕਿ ਵੀਡੀਓ 'ਤੇ ਟਿੱਪਣੀਆਂ ਕਰਨ ਵਾਲਿਆਂ 'ਚੋਂ ਕੁਝ ਉਨ੍ਹਾਂ ਨੂੰ ਪਛਾਣਦੇ ਹੋਏ ਪੰਜਾਬੀ ਮੂਲ ਦੇ ਦੱਸ ਰਹੇ ਹਨ। ਲਿੱਕਰ ਕੰਟਰੋਲ ਬੋਰਡ ਓਂਟਾਰੀਓ ਦੇ ਲੇਬਲ ਵਾਲਾ ਉਕਤ ਠੇਕਾ ਟੋਰਾਂਟੋ ਵਿੱਚ ਦੱਸਿਆ ਜਾ ਰਿਹਾ ਹੈ ਪਰ ਟੋਰਾਂਟੋ ਪੁਲੀਸ ਨੇ ਇਸ ਬਾਰੇ ਚੁੱਪ ਸਾਧੀ ਹੋਈ ਹੈ। ਓਂਟਾਰੀਓ 'ਚ ਸ਼ਰਾਬ ਵਿਕਰੀ ਦਾ ਸਾਰਾ ਕੰਟਰੋਲ ਸੂਬਾ ਸਰਕਾਰ ਕੋਲ ਹੈ ਤੇ ਸਾਰੇ ਸ਼ਰਾਬ ਸਟੋਰਾਂ (ਠੇਕਿਆਂ)



ਦਾ ਸੰਚਾਲਨ ਵੀ ਸਰਕਾਰ ਹੀ ਕਰਦੀ ਹੈ। ਵਾਇਰਲ ਹੋਈ ਇਹ ਵੀਡੀਓ ਸਟੋਰ ਅੰਦਰਲੇ ਸੀਸੀਟੀਵੀ ਕੈਮਰਿਆਂ ਚੋਂ ਲਈ ਗਈ ਹੈ। ਦੂਜੇ ਪਾਸੇ ਪੰਜਾਬੀ ਭਾਈਚਾਰੇ ਵਲੋਂ ਇਸ ਘਟਨਾ ਨੂੰ ਮੰਦਭਾਗਾ ਤੇ ਭਾਈਚਾਰੇ ਨੂੰ ਸ਼ਰਮਸਾਰ ਕਰਨ ਵਾਲਾ ਕਾਰਾ ਕਿਹਾ ਜਾ ਰਿਹਾ ਹੈ।

# ਜਗਮੀਤ ਸਿੰਘ ਦੇ ਫ਼ੈਸਲੇ ਨਾਲ ਟਰੂਡੋ ਸਰਕਾਰ 'ਤੇ ਮੰਡਰਾਉਣ ਲੱਗੇ ਖਤਰੇ ਦੇ ਬੱਦਲ

ਓਟਾਵਾ : ਜਸਟਿਨ ਟਰੂਡੋ ਦੀ ਸਰਕਾਰ ਵੱਡੇ ਸੰਕਟ ਵਿਚ ਘਿਰਦੀ ਨਜ਼ਰ ਆ ਰਹੀ ਹੈ। ਜੀ ਹਾਂ, ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਫੈਡਰਲ ਬਜਟ ਦੇ ਹੱਕ ਵਿਚ ਵੋਟ ਪਾਉਣ ਬਾਰੇ ਫਿਲਹਾਲ ਕੋਈ ਫ਼ੈਸਲਾ ਨਹੀਂ ਲਿਆ ਗਿਆ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਵੇਂ ਘੱਟ ਗਿਣਤੀ ਲਿਬਰਲ ਸਰਕਾਰ ਅਤੇ ਐਨ.ਡੀ.ਪੀ. ਦਾ ਸਮਝੌਤਾ ਅਗਲੇ ਸਾਲ ਜੂਨ ਵਿਚ ਖ਼ਤਮ ਹੋਣਾ ਹੈ ਪਰ ਜਗਮੀਤ ਸਿੰਘ ਚਾਹੁਣ ਤਾਂ ਪਹਿਲਾਂ ਵੀ ਸਮਝੌਤਾ ਤੋੜ ਸਕਦੇ ਹਨ ਅਤੇ ਜਸਟਿਨ ਟਰੂਡੋ ਨੂੰ ਸਰਕਾਰ ਬਚਾਉਣ ਲਈ ਬਲੌਕ ਕਿਊਬੈਕ ਨਾਲ ਨੇੜਤਾ ਵਧਾਉਣ ਲਈ ਮਜਬੂਰ ਹੋਣਾ ਪੈ ਸਕਦਾ ਹੈ।

**ਜਗਮੀਤ ਸਿੰਘ ਮੁਤਾਬਕ ਬਜਟ ਦੇ ਹੱਕ 'ਚ ਵੋਟ ਪਾਉਣ ਬਾਰੇ ਨਹੀਂ ਲਿਆ ਫ਼ੈਸਲਾ**

ਭਾਵੇਂ ਜਗਮੀਤ ਸਿੰਘ ਦੀ ਮੰਗ ਮੁਤਾਬਕ ਬਜਟ ਵਿਚ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਅਤੇ ਨੈਸ਼ਨਲ ਸਕੂਲ ਫੂਡ ਪ੍ਰੋਗਰਾਮ ਨੂੰ ਸ਼ਾਮਲ ਕੀਤਾ ਗਿਆ ਹੈ ਪਰ ਜਗਮੀਤ ਸਿੰਘ ਨੇ ਕਿਹਾ ਕਿ ਬਜਟ ਨਾਲ ਸਬੰਧਤ ਉਨ੍ਹਾਂ ਦੀਆਂ ਕਈ ਚਿੰਤਾਵਾਂ ਬਾਕੀ ਹਨ। ਜਗਮੀਤ ਸਿੰਘ ਨੇ ਮਿਸਾਲ ਵਜੋਂ ਨੈਸ਼ਨਲ ਡਿਸਐਬੀਲਿਟੀ ਬੈਨੇਫਿਟ ਦਾ ਜ਼ਿਕਰ ਕੀਤਾ ਜਿਸ ਲਈ ਘੱਟ



ਫੰਡ ਰਾਖਵੇਂ ਰੱਖੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਆਪਣੀਆਂ ਚਿੰਤਾਵਾਂ ਦਾ ਜਵਾਬ ਪ੍ਰਧਾਨ ਮੰਤਰੀ ਤੋਂ ਚਾਹੁੰਦੇ ਹਨ ਅਤੇ ਇਸ ਤੋਂ ਬਾਅਦ ਹੀ ਕੋਈ ਫ਼ੈਸਲਾ ਲਿਆ ਜਾਵੇਗਾ। ਇਸੇ ਦੌਰਾਨ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਕਿਹਾ ਕਿ ਉਨ੍ਹਾਂ ਵੱਲੋਂ ਐਨ.ਡੀ.ਪੀ. ਦੇ ਵਿੱਤੀ ਮਾਮਲਿਆਂ ਬਾਰੇ ਆਲੋਚਕ ਡੌਨ ਡੇਵੀਜ਼ ਨਾਲ ਬਜਟ ਦੇ ਮਸਲੇ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਕੰਜ਼ਰਵੇਟਿਵ ਪਾਰਟੀ, ਬਲੌਕ ਕਿਊਬੈਕ ਅਤੇ ਗਰੀਨ ਪਾਰਟੀ ਪਹਿਲਾਂ ਹੀ ਕਰ ਰਹੇ ਵਿਰੋਧ ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਹਰ ਪਾਰਟੀ ਦੇ ਐਮ.ਪੀਜ਼ ਬਜਟ ਵਿਚ ਸ਼ਾਮਲ ਤਜਵੀਜ਼ਾਂ ਦੀ ਹਮਾਇਤ ਕਰਨਗੇ। ਕੰਜ਼ਰਵੇਟਿਵ ਪਾਰਟੀ, ਬਲੌਕ ਕਿਊਬੈਕ ਅਤੇ ਗਰੀਨ ਪਾਰਟੀ ਪਹਿਲਾਂ ਹੀ ਆਖ ਚੁੱਕੇ ਹਨ ਕਿ ਉਹ ਬਜਟ ਦੀ ਹਮਾਇਤ ਵਿਚ ਵੋਟ ਨਹੀਂ ਪਾਉਣਗੇ। ਦੱਸ ਦੇਈਏ ਕਿ ਜਗਮੀਤ ਸਿੰਘ ਪਹਿਲਾਂ ਵੀ ਕਈ ਮੌਕਿਆਂ 'ਤੇ ਸਰਕਾਰ ਤੋਂ ਹਮਾਇਤ ਵਾਪਸ ਲੈਣ ਦੀ ਗੱਲ ਆਖ ਚੁੱਕੇ ਹਨ। ਤਾਜ਼ਾ ਮਾਮਲਾ ਫਾਰਮਾਕੇਅਰ ਦੇ ਮੁੱਦੇ 'ਤੇ ਸਾਹਮਣੇ ਆਇਆ ਸੀ ਅਤੇ ਜਗਮੀਤ ਸਿੰਘ ਨੇ ਧਮਕੀ ਦਿਤੀ ਸੀ ਕਿ 31 ਮਾਰਚ ਤੱਕ ਫਾਰਮਾਕੇਅਰ ਬਿਲ ਪੇਸ਼ ਨਾ ਕੀਤਾ ਗਿਆ ਤਾਂ ਸਰਕਾਰ ਤੋਂ ਹਮਾਇਤ ਵਾਪਸ ਲੈ ਲੈਣਗੇ।

# ਕੈਨੇਡਾ ਤੇ ਚੀਨ ਵਿਚਾਲੇ ਸਬੰਧ ਤਣਾਅਪੂਰਨ, ਚੀਨੀ ਰਾਜਦੂਤ ਕੈਨੇਡਾ ਤੋਂ ਰਵਾਨਾ

ਔਟਾਵਾ (ਏਐਨਆਈ): ਕੈਨੇਡਾ ਅਤੇ ਚੀਨ ਵਿਚਾਲੇ ਸਬੰਧ ਤਣਾਅਪੂਰਨ ਬਣਦੇ ਜਾ ਰਹੇ ਹਨ। ਹਾਲ ਹੀ ਵਿਚ ਕੈਨੇਡਾ ਵਿਚ ਚੀਨ ਦੇ ਰਾਜਦੂਤ ਦੀ ਰਵਾਨਗੀ ਦੀ ਪੁਸ਼ਟੀ ਗਲੋਬਲ ਅਫੇਅਰਜ਼ ਕੈਨੇਡਾ ਦੁਆਰਾ ਕੀਤੀ ਗਈ ਹੈ, ਜੋ ਕਿ ਇੱਕ ਮਹੱਤਵਪੂਰਨ ਪਲ ਹੈ ਕਿਉਂਕਿ ਦੋਵਾਂ ਦੇਸ਼ਾਂ ਵਿਚਕਾਰ ਠੰਡੇ ਸਬੰਧਾਂ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ) ਨੇ ਰਿਪੋਰਟ ਦਿੱਤੀ। 2019 ਤੋਂ ਕੈਨੇਡਾ ਵਿੱਚ ਚੀਨ ਦੇ ਰਾਜਦੂਤ ਵਜੋਂ ਸੇਵਾ ਨਿਭਾਉਣ ਵਾਲੇ ਕਾਂਗ ਪੇਈਵੂ ਨੇ ਬੀਤੇ ਵੀਰਵਾਰ ਨੂੰ ਆਪਣਾ ਅਹੁਦਾ ਛੱਡ ਦਿੱਤਾ ਸੀ। ਕਾਂਗਰਸ ਦੇ ਪੂਰੇ ਕਾਰਜਕਾਲ ਦੌਰਾਨ ਕੈਨੇਡਾ ਅਤੇ ਚੀਨ ਵਿਚਕਾਰ ਸਬੰਧ ਲਗਾਤਾਰ ਤਣਾਅਪੂਰਨ ਹੁੰਦੇ ਗਏ। ਖਾਸ ਤੌਰ 'ਤੇ, 2018 ਦੇ ਅਖੀਰ ਤੋਂ ਲੈ ਕੇ 2021 ਦੇ ਅਖੀਰ ਤੱਕ ਬੀਜਿੰਗ ਦੁਆਰਾ ਕੈਨੇਡੀਅਨ ਨਾਗਰਿਕਾਂ ਮਾਈਕਲ ਸਪੇਵਰ ਅਤੇ ਮਾਈਕਲ ਕੋਵਰਿਗ ਦੀ ਨਜ਼ਰਬੰਦੀ ਨੇ ਅੰਤਰਰਾਸ਼ਟਰੀ ਹੰਗਾਮਾ ਮਚਾਇਆ, ਜਿਸ ਨੂੰ ਵਿਆਪਕ ਤੌਰ 'ਤੇ ਯੂ.ਐਸ ਹਵਾਲਗੀ ਵਾਰੰਟ 'ਤੇ ਵੈਨਕੂਵਰ ਵਿੱਚ ਹੁਆਵੇਈ ਦੇ ਸੀ.ਐਫ.ਓ, ਮੇਂਗ ਵਾਂਝੂ ਦੀ ਗ੍ਰਿਫਤਾਰੀ ਦੇ ਬਦਲੇ ਵਜੋਂ ਸਮਝਿਆ ਜਾਂਦਾ ਹੈ। ਅਕਤੂਬਰ 2023 ਵਿੱਚ ਗਲੋਬਲ ਅਫੇਅਰਜ਼ ਕੈਨੇਡਾ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪਿਏਰੇ ਪੋਲੀਵਰ ਨੂੰ ਨਿਸ਼ਾਨਾ ਬਣਾਉਣ ਵਾਲੀ ਇੱਕ ਪ੍ਰਚਾਰ ਮੁਹਿੰਮ ਵਿੱਚ ਚੀਨੀ ਸਰਕਾਰ ਨੂੰ ਜਨਤਕ ਤੌਰ 'ਤੇ ਫਸਾਇਆ। ਇਸ ਤੋਂ ਇਲਾਵਾ ਕੈਨੇਡਾ ਦੀ ਖੁਫੀਆ ਏਜੰਸੀ ਨੇ 2019 ਅਤੇ 2021 ਦੀਆਂ ਫੈਡਰਲ ਚੋਣਾਂ ਵਿਚ ਚੀਨੀ ਦਖਲਅੰਦਾਜ਼ੀ 'ਤੇ ਚਿੰਤਾ ਜ਼ਾਹਰ ਕੀਤੀ। ਓਟਾਵਾ ਵਿੱਚ ਚੀਨੀ ਦੂਤਘਰ ਨੇ ਆਪਣੇ ਰਾਜਦੂਤ ਦੇ ਜਾਣ ਦੀ ਅਧਿਕਾਰਤ ਪੁਸ਼ਟੀ ਕਰਨ ਤੋਂ ਗੁਰੇਜ਼ ਕੀਤਾ ਹੈ ਅਤੇ ਐਲਾਨ ਨੂੰ ਕੈਨੇਡੀਅਨ ਅਧਿਕਾਰੀਆਂ ਦੇ ਹੱਥਾਂ ਵਿੱਚ ਛੱਡ ਦਿੱਤਾ ਹੈ। ਇਸ ਦੌਰਾਨ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਦੇ ਦਫਤਰ ਦੇ ਉਪ ਮੰਤਰੀ ਡੇਵਿਡ ਮੌਰੀਸਨ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਖਾਸ ਉਦੇਸ਼ ਨਾਲ ਚੀਨ ਦੇ ਦੌਰੇ 'ਤੇ ਰਵਾਨਾ ਹੋਏ। ਹਾਲਾਂਕਿ ਗਲੋਬਲ ਅਫੇਅਰਜ਼ ਕੈਨੇਡਾ ਦੁਆਰਾ ਮੌਰੀਸਨ ਦੀ ਯਾਤਰਾ ਦੀ ਵਿਸਤ੍ਰਿਤ ਯਾਤਰਾ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਚੀਨ ਦੇ ਨਾਲ ਕੈਨੇਡਾ ਦੇ ਕੂਟਨੀਤਕ ਰੁਕਾਵਟ ਨੇ ਇਸਨੂੰ ਆਪਣੇ ਪੱਛਮੀ ਸਹਿਯੋਗੀਆਂ ਅਤੇ ਹੋਰ 77 ਦੇਸ਼ਾਂ ਤੋਂ ਵੱਖ ਕਰ ਦਿੱਤਾ ਹੈ, ਇਹ ਸਾਰੇ ਬੀਜਿੰਗ ਨਾਲ ਨਿਯਮਤ ਉੱਚ-ਪੱਧਰੀ ਆਦਾਨ-ਪ੍ਰਦਾਨ ਕਰਦੇ ਹਨ। ਕੂਟਨੀਤਕ ਤਣਾਅ ਦੇ ਬਾਵਜੂਦ ਕੈਨੇਡਾ ਅਤੇ ਚੀਨ ਦੋਵਾਂ ਨੇ ਹਾਲ ਹੀ ਵਿੱਚ ਗੱਲਬਾਤ ਅਤੇ ਸਹਿਯੋਗ ਵਿੱਚ ਸ਼ਾਮਲ ਹੋਣ ਲਈ ਵਚਨਬੱਧਤਾ ਪ੍ਰਗਟਾਈ ਹੈ

# ਕੈਨੇਡਾ 'ਚ ਚੱਲਦੀ ਰੇਲਗੱਡੀ ਨੂੰ ਲੱਗ ਗਈ ਅੱਗ, ਖੌਫ਼ਨਾਕ ਮੰਜ਼ਰ ਵੇਖ ਪਈਆਂ ਭਾਜੜਾਂ

ਓਟਾਵਾ : ਕੈਨੇਡਾ ਵਿਚ ਇਕ ਚੱਲਦੀ ਟ੍ਰੇਨ ਨੂੰ ਭਿਆਨਕ ਅੱਗ ਲੱਗ ਗਈ। ਇਸ ਖੌਫ਼ਨਾਕ ਮੰਜ਼ਰ ਦੀ ਵੀਡੀਓ ਵੀ ਸਾਹਮਣੇ ਆਈ ਹੈ ਜਿਸ ਵਿਚ ਚੱਲਦੀ ਰੇਲਗੱਡੀ ਵਿਚ ਅੱਗ ਦੇ ਭਾਂਬੜ ਮਚਦੇ ਨਜ਼ਰ ਆ ਰਹੇ ਹਨ। ਇਹ ਘਟਨਾ ਕੈਨੇਡਾ ਦੇ ਓਂਟਾਰੀਓ ਦੀ ਦੱਸੀ ਜਾ ਰਹੀ ਹੈ। ਅੱਗ ਲੱਗਣ ਦੇ ਕਾਰਨਾਂ ਦਾ ਫ਼ਿਲਹਾਲ ਕੁਝ ਪਤਾ ਨਹੀਂ ਲੱਗ ਸਕਿਆ ਤੇ ਵਿਭਾਗ ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਮੁੱਢਲੀ ਜਾਣਕਾਰੀ ਮੁਤਾਬਕ ਉਕਤ ਰੇਲਗੱਡੀ ਵਿਚ ਰੇਲਵੇ ਦੀਆਂ ਪੁਰਾਣੀਆਂ ਲੱਕੜਾਂ ਸਨ। ਅਚਾਨਕ ਇਸ ਦੇ 5 ਡੱਬਿਆਂ ਵਿਚ ਅੱਗ ਲੱਗ ਗਈ। ਰੇਲਵੇ ਮੁਤਾਬਕ ਇਸ ਹਾਦਸੇ ਵਿਚ ਤਕਰੀਬਨ 20 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਫ਼ਿਲਹਾਲ ਅੱਗ ਲੱਗਣ ਨਾਲ ਕਿਸੇ ਕਿਸਮ ਦੇ ਜਾਨੀ ਨੁਕਸਾਨ ਦੀ ਸੂਚਨਾ ਸਾਹਮਣੇ ਨਹੀਂ ਆਈ ਹੈ, ਪਰ ਜਿੰਨੀ ਦੇਰ ਇਹ ਟ੍ਰੇਨ ਪੱਟੜੀ 'ਤੇ ਦੌੜਦੀ ਰਹੀ, ਓਨੀ ਦੇਰ ਇਲਾਕੇ ਵਿਚ ਭਾਜੜਾਂ ਪਈਆਂ ਰਹੀਆਂ। ਇਸ ਰੇਲਗੱਡੀ ਨੂੰ ਇਕ ਜਗ੍ਹਾ 'ਤੇ ਰੋਕਿਆ ਗਿਆ ਅਤੇ ਤਕਰੀਬਨ ਡੇਢ ਘੰਟੇ ਦੀ ਜੱਦੋ-ਜਹਿਦ ਮਗਰੋਂ ਅੱਗ 'ਤੇ ਕਾਬੂ ਪਾਇਆ ਗਿਆ।

# ਮਾਰਚ ਮਹੀਨੇ ਹਾਊਸਿੰਗ ਮਾਰਕੀਟ ਵਿੱਚ 9.5 ਫੀਸਦੀ ਦੀ ਗਿਰਾਵਟ ਆਈ

### ਓਕਾਨਾਗਨ ਵਿੱਚ ਘਰਾਂ ਦੀ ਵਿਕਰੀ ਸਭ ਤੋਂ ਵੱਧ 34.1 ਫੀਸਦੀ ਘਟੀ




ਸਰੀ : ਇਹ ਬ੍ਰਿਟਿਸ਼ ਕੋਲੰਬੀਆ ਰੀਅਲ ਅਸਟੇਟ ਐਸੋਸੀਏਸ਼ਨ ਦੇ ਮੁੱਖ ਅਰਥ ਸ਼ਾਸਤਰੀ ਬ੍ਰੈਂਡਨ ਓਗਮੰਡਸਨ ਦਾ ਕਹਿਣਾ ਹੈ ਕਿ ਸੰਸਥਾ ਨੇ ਨਵੇਂ ਅੰਕੜੇ ਜਾਰੀ ਕੀਤੇ ਜਿਸ ਦੇ ਅਨੁਸਾਰ ਬੀ.ਸੀ. ਵਿੱਚ ਰੀਅਲ ਅਸਟੇਟ ਦੀ ਵਿਕਰੀ ਵਿੱਚ ਮਾਰਚ, 2023 ਦੇ ਮੁਕਾਬਲੇ ਮਾਰਚ, 2024 ਵਿੱਚ 9.5 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਓਗਮੰਡਸਨ ਨੇ ਇੱਕ ਬਿਆਨ ਵਿੱਚ ਕਿਹਾ, ਮਾਰਚ ਨੇ 2024 ਦੀ ਪਹਿਲੀ ਤਿਮਾਹੀ ਵਿੱਚ ਭਾਵੇਂ ਘਰਾਂ ਦੀ ਵਿਕਰੀ ਵਧੀ ਸੀ ਪਰ ਪਿਛਲੇ ਸਾਲ ਦੇ ਮੁਕਾਬਲੇ ਇਹ ਅਜੇ ਘਟ ਹੈ। ਵਿਆਜ਼ ਦਰਾਂ ਸਥਿਰ ਹੋਣ ਦੇ ਬਾਵਜੂਦ ਲੋਕ ਖਰੀਦਦਾਰ ਬਜ਼ਾਰ ਵਿੱਚ ਵਾਪਸ ਆਉਣ ਤੋਂ ਗੁਰੇਜ਼ ਕਰ ਰਹੇ ਹਨ ਅਤੇ ਉਮੀਦ ਕਰ ਰਹੇ ਹਨ ਜਲਦ ਹੀ ਬੈਂਕ ਆਫ ਕੈਨੇਡਾ ਆਪਣੀਆਂ ਵਿਆਜ਼ ਦਰਾਂ ਨੂੰ ਘਟਾਏਗਾ। ਜ਼ਿਕਰਯੋਗ ਹੈ ਕਿ 10 ਅਪ੍ਰੈਲ ਨੂੰ ਬੈਂਕ ਆਫ਼ ਕੈਨੇਡਾ ਨੇ ਦੁਬਾਰਾ ਫਿਰ ਵਿਆਜ਼ ਦਰਾਂ ਨੂੰ 5% 'ਤੇ ਸਥਿਰ ਰੱਖਣ ਦਾ ਫੈਸਲਾ ਲਿਆ ਸੀ ਜੋ ਕਿ ਜੁਲਾਈ 2023 ਤੋਂ ਕਾਇਮ ਹੈ। ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ ਮੈਕਲੇਮ ਨੇ ਉਸ ਸਮੇਂ ਕਿਹਾ ਕਿ ਬੈਂਕ ਇਸ ਗੱਲ ਦੇ ਨਜ਼ਰ ਰੱਖ ਰਿਹਾ ਹੈ ਕਿ ਮਹਿੰਗਾਈ ਘਟਣ ਦਾ ਰੁਝਾਨ ਜਾਰੀ ਰਹੇ। ਹਾਲਾਂਕਿ ਇਹ ਕੁਝ ਖੇਤਰਾਂ ਵਿੱਚ ਮਹਿੰਗਾਈ ਘਟੀ ਹੈ ਪਰ ਰਿਹਾਇਸ਼ੀ ਖੇਤਰ ਅਤੇ ਵੱਡੇ ਸ਼ਹਿਰਾਂ ਵਿੱਚ ਮਹਿੰਗਾਈ ਅਜੇ ਵੀ ਜਿਉਂ ਦੀ ਤਿਉਂ ਬਣੀ ਹੋਈ ਹੈ। ਮੈਕਲੇਮ ਨੇ ਕਿਹਾ ਉਹ ਵਿਆਜ਼ ਦਰਾਂ ਨੂੰ ਘੱਟ ਕਰਨ ਦੇ ਫੈਸਲੇ ਸਬੰਧੀ ਜਲਦਬਾਜ਼ੀ ਨਹੀਂ ਕਰਗੇ ਉਨ੍ਹਾਂ ਕਿਹਾ ਉਹ ਨੀਤੀਗਤ ਵਿਆਜ ਦਰ ਨੂੰ ਬਹੁਤ ਜਲਦੀ ਘਟਾਉਂਦੇ ਹਨ ਤਾਂ ਮਹਿੰਗਾਈ ਦਰ ਨੂੰ ਹੇਠਾਂ ਲਿਆਉਣ ਲਈ ਕੀਤੀ ਮਿਹਤਨ ਮੁੜ ਖਤਰੇ ਵਿੱਚ ਪੈ ਸਕਦੀ ਹੈ। ਬੈਂਕ ਆਫ ਕੈਨੇਡਾ ਅਗਲੀ ਵਾਰ 5 ਜੂਨ ਨੂੰ ਵਿਆਜ਼ ਦਰਾਂ ਸਬੰਧੀ ਆਪਣਾ ਅਗਲਾ ਫੈਸਲਾ ਲੈਣਾ ਹੈ। ਜਿਸ ਤੇ ਘਰਾਂ ਦੇ ਖਰੀਦਦਾਰਾਂ ਨੂੰ ਉਮੀਦ ਹੈ ਕਿ ਵਿਆਜ਼ ਦਰਾਂ ਹੇਠਾਂ ਆਉਣਗੀਆਂ। ਜ਼ਿਕਰਯੋਗ ਹੈ ਕਿ ਮਾਰਚ ਦੀ ਵਿਕਰੀ ਓਕਾਨਾਗਨ ਵਿੱਚ ਸਭ ਤੋਂ ਘੱਟ ਰਹੀ, ਮਾਰਚ 2023 ਦੇ ਮੁਕਾਬਲੇ ਮਾਰਚ 2024 ਵਿੱਚ ਇਥੇ ਘਰਾਂ ਦੀ ਵਿਕਰੀ 34.1 ਪ੍ਰਤੀਸ਼ਤ ਹੇਠਾਂ ਰਹੀ, ਇਸ ਤੋਂ ਬਾਅਦ ਸਾਊਥ ਪੀਅਸ (ਲਗਭਗ 26 ਪ੍ਰਤੀਸ਼ਤ) ਅਤੇ ਪਾਵੇਲ ਰਿਵਰ (15 ਪ੍ਰਤੀਸ਼ਤ ਤੋਂ) ਦੀ ਗਿਰਾਵਟ ਦਰਜ਼ ਕੀਤੀ ਗਈ ਹੈ।ਮਾਰਚ 2024 ਵਿੱਚ ਵਿਕਰੀ ਮਾਰਚ 2023 ਦੇ ਮੁਕਾਬਲੇ ਫਰੇਜ਼ਰ ਵੈਲੀ ਵਿੱਚ ਲਗਭਗ 11 ਪ੍ਰਤੀਸ਼ਤ ਅਤੇ ਗ੍ਰੇਟਰ ਵੈਨਕੂਵਰ ਵਿੱਚ ਲਗਭਗ ਪੰਜ ਪ੍ਰਤੀਸ਼ਤ ਘਰਾਂ ਦੀ ਵਿਕਰੀ ਘੱਟ ਗਈ ਹੈ।

# ਜੰਗਲਾਂ ਦੀ ਕਟਾਈ ਦਾ ਕੰਮ ਸ਼ੁਰੂ ਹੋਣ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਵਿੱਚ ਲਗਾਏ ਗਏ 10 ਅਰਬ ਰੁੱਖ

## ਪਿਛਲੇ 7 ਸਾਲਾਂ ਦੌਰਾਨ ਲਗਾਏ ਗਏ 2 ਬਿਲੀਅਨ ਰੁੱਖ

ਵੈਨਕੂਵਰ : ਬੀ.ਸੀ. ਸਰਕਾਰ ਦਾ ਕਹਿਣਾ ਹੈ ਕਿ ਸਰੀ ਵਿੱਚ 1930 ਵਿੱਚ ਜੰਗਲਾਤ ਪ੍ਰੋਗਰਾਮ ਸ਼ੁਰੂ ਹੋਣ ਤੋਂ ਬਾਅਦ ਸੂਬੇ ਵਿੱਚ 10 ਬਿਲੀਅਨ ਰੁੱਖ ਲਗਾਏ ਜਾ ਚੁੱਕੇ ਹਨ। ਸਰੀ-ਵ੍ਹੇਲੀ ਦੇ ਐਮਐਲਏ, ਜੰਗਲਾਤ ਮੰਤਰੀ ਬਰੂਸ ਰਾਲਸਟਨ ਦੇ ਅਨੁਸਾਰ, ਪਿਛਲੇ ਸੱਤ ਸਾਲਾਂ ਵਿੱਚ ਇਨ੍ਹਾਂ ਵਿੱਚੋਂ ਦੋ ਬਿਲੀਅਨ ਰੁੱਖ ਲਗਾਏ ਗਏ ਹਨ। ਪਿਛਲੇ ਸਾਲ, ਬੀ ਸੀ ਵਿੱਚ ਲਗਭਗ 305 ਮਿਲੀਅਨ ਰੁੱਖਾਂ ਦੇ ਪੌਦੇ ਲਗਾਏ ਗਏ ਸਨ। ਜੰਗਲਾਂ ਸਮੇਤ 10-ਬਿਲੀਅਨ ਦਾ ਕੰਮ ਲਗਭਗ ਇੱਕ ਸਦੀ ਪਹਿਲਾਂ ਸ਼ੁਰੂ ਹੋਇਆ ਸੀ। ਮੀਲਪੱਥਰ ਦੇ ਸਨਮਾਨ ਵਿੱਚ, ਰਾਲਸਟਨ ਨੇ ਗ੍ਰੀਨ ਟਿੰਬਰਜ਼ ਅਰਬਨ ਫੋਰੈਸਟ ਪਾਰਕ ਵਿੱਚ ਇੱਕ ਰਸਮੀ ਰੁੱਖ ਲਗਾਇਆ, ਜਿਸ ਨੂੰ ਪ੍ਰਾਂਤ ਵਿੱਚ ਮੁੜ ਜੰਗਲਾਂ ਦਾ ਜਨਮ ਸਥਾਨ ਨਾਮ ਦਿੱਤਾ ਗਿਆ ਹੈ। ਪੂਰੇ ਬੀ.ਸੀ. ਦੌਰਾਨ, ਰਾਲਸਟਨ ਨੇ ਕਿਹਾ, ਲੋਕ ਸਾਡੇ ਜੰਗਲਾਂ 'ਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਅਤੇ ਰੁੱਖ ਲਗਾਉਣ ਦੇ ਯਤਨਾਂ ਨੂੰ ਤੇਜ਼ੀ ਨਿਭਾ ਰਹੇ ਹਨ। ਰਾਲਸਟਨ ਨੇ ਸੋਮਵਾਰ, ਅਪ੍ਰੈਲ 15 ਨੂੰ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ, ਦਸ ਬਿਲੀਅਨ ਬੂਟੇ ਲਗਾਏ ਗਏ ਇਹ ਯਕੀਨੀ ਬਣਾਉਣ ਵਿੱਚ ਇੱਕ ਸ਼ਾਨਦਾਰ ਪ੍ਰਾਪਤੀ ਹੈ ਕਿ ਸਾਡੇ ਜੰਗਲ ਆਉਣ ਵਾਲਿਆਂ ਵਿੱਚ ਸਾਡੀ ਨੌਜਵਾਨ ਪੀੜ੍ਹੀਆਂ ਸਾਡੇ ਨਾਲ ਹੈ। ਉਨ੍ਹਾਂ ਕਿਹਾ ਗਿਣਤੀ ਵਿੱਚ ਵਾਧ ਘਾਟ ਹੋ ਸਕਦੀ ਹੈ ਪਰ 10 ਬਿਲੀਅਨ ਰੁੱਖ ਲਗਾਉਣ ਦਾ ਮਤਲਬ ਹੈ ਇਹ ਇੱਕ ਅਜਿਹੀ ਉਪਲਬਧੀ ਹੈ ਜਿਸ 'ਤੇ ਅਸੀਂ ਸਾਰੇ ਮਾਣ ਮਹਿਸੂਸ ਕਰਦੇ ਹਾਂ, ਅਤੇ ਅੱਜ ਇਸ ਰੁੱਖ ਨੂੰ ਲਗਾ ਕੇ ਇਸ ਗਿਣਤੀ ਵਿੱਚ ਇੱਕ ਛੋਟਾ ਜਿਹਾ ਹਿੱਸਾ ਨਿਭਾਉਣਾ



ਇੱਕ ਸਨਮਾਨ ਦੀ ਗੱਲ ਹੈ। ਬੀ.ਸੀ. ਸੂਬਾਈ ਅਤੇ ਫੈਡਰਲ ਪ੍ਰੋਗਰਾਮਾਂ ਰਾਹੀਂ ਇਸ ਸਾਲ ਹੋਰ 50 ਮਿਲੀਅਨ ਰੁੱਖਾਂ ਦੀ ਯੋਜਨਾ ਬਣਾਉਣ ਦਾ ਟੀਚਾ ਹੈ। ਇਹ ਪਹਿਲਕਦਮੀਆਂ ਉਨ੍ਹਾਂ ਖੇਤਰਾਂ 'ਤੇ ਜੰਗਲਾਤ ਦੇ ਯਤਨਾਂ 'ਤੇ ਕੇਂਦ੍ਰਤ ਕਰਦੀਆਂ ਹਨ ਜੋ ਕੁਦਰਤੀ ਗੜਬੜੀਆਂ, ਜਿਵੇਂ ਕਿ ਪਹਾੜੀ ਪਾਈਨ ਬੀਟਲ ਦੇ ਸੰਕਰਮਣ ਅਤੇ ਜੰਗਲ ਦੀ ਅੱਗ ਦੁਆਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

# ਕੈਨੇਡਾ ਸਰਕਾਰ ਨੇ ਵੱਡੀ ਗਿਣਤੀ ’ਚ ਜਾਰੀ ਕੀਤੇ ਵਿਜ਼ਟਰ ਵੀਜ਼ਾ, ਹੁਣ ਬਣੀ ਵੱਡੀ ਮੁਸੀਬਤ




ਟੋਰਾਂਟੋ: ਵਿਜ਼ਟਰ ਵੀਜ਼ਾ ਦੀਆਂ ਸ਼ਰਤਾਂ ਵਿਚ ਢਿੱਲ ਦੇਣੀ ਕੈਨੇਡਾ ਦੇ ਇੰਮੀਗ੍ਰੇਸ਼ਨ ਵਿਭਾਗ ਨੂੰ ਸੰਭਾਵਤ ਤੌਰ ’ਤੇ ਮਹਿੰਗੀ ਪਈ ਅਤੇ ਹੁਣ ਇਸ ਦੇ ਅਣਕਿਆਸੇ ਸਿੱਟੇ ਸਾਹਮਣੇ ਆ ਰਹੇ ਹਨ। ‘ਟੋਰਾਂਟੋ ਸਟਾਰ’ ਵੱਲੋਂ ਸਰਕਾਰੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਪ੍ਰਕਾਸ਼ਤ ਰਿਪੋਰਟ ਮੁਤਾਬਕ ਸਪੈਸ਼ਲ ਪ੍ਰੋਗਰਾਮ ਦੌਰਾਨ ਵਿਜ਼ਟਰ ਵੀਜ਼ਾ ਹਾਸਲ ਕਰਨ ਵਾਲੇ 152,400 ਜਣਿਆਂ ਵਿਚੋਂ 19,400 ਨੇ ਕੈਨੇਡਾ ਵਿਚ ਪਨਾਹ ਦਾ ਦਾਅਵਾ ਪੇਸ਼ ਕਰ ਦਿੱਤਾ। ਸਿਰਫ ਇਥੇ ਹੀ ਬੱਸ ਨਹੀਂ ਸੁਪਰ ਵੀਜ਼ਾ ’ਤੇ ਆਏ ਕੁਝ ਵਿਦੇਸ਼ੀ ਨਾਗਰਿਕ ਵੀ ਪੱਕੇ ਤੌਰ ’ਤੇ ਇੱਥੇ ਰਹਿਣਾ ਚਾਹੁੰਦੇ ਹਨ।

**ਪਨਾਹ ਦੇ ਦਾਅਵਿਆਂ ਵਿਚ ਹੋਇਆ ਮੋਟਾ ਵਾਧਾ**

ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਇਹ ਅੰਕੜਾ ਬਹੁਤ ਜ਼ਿਆਦਾ ਬਣਦਾ ਹੈ ਕਿਉਂਕਿ 2019 ਤੱਕ 57 ਲੱਖ ਟੈਂਪਰੇਰੀ ਰੈਜ਼ੀਡੈਂਟ ਵੀਜ਼ੇ ਜਾਰੀ ਕੀਤੇ ਗਏ ਜਿਨ੍ਹਾਂ ਵਿਚੋਂ 58,378 ਨੇ ਮੁਲਕ ਵਿਚ ਪਨਾਹ ਮੰਗੀ। ਇਸ ਅੰਕੜੇ ਵਿਚ ਇੰਟਰਨੈਸ਼ਨਲ ਸਟੂਡੈਂਟ, ਵਿਦੇਸ਼ੀ ਕਾਮੇ ਅਤੇ ਅਮਰੀਕਾ ਦੇ ਰਸਤੇ ਦਾਖਲ ਹੋਏ ਗੈਰਕਾਨੂੰਨੀ ਪ੍ਰਵਾਸੀ ਵੀ ਸ਼ਾਮਲ ਸਨ, ਜਿਸ ਦੇ ਮੱਦੇਨਜ਼ਰ ਵਿਜ਼ਟਰ ਵੀਜ਼ਾ ’ਤੇ ਆਏ ਲੋਕਾਂ ਵੱਲੋਂ ਪਨਾਹ ਮੰਗਣ ਦਾ ਅੰਕੜਾ ਜ਼ਿਆਦਾ ਨਹੀਂ ਬਣਦਾ। ਕੈਨੇਡਾ ਵਿਚ 2023 ਦੌਰਾਨ ਇਕ ਲੱਖ 38 ਹਜ਼ਾਰ ਅਸਾਇਲਮ ਕਲੇਮ ਮਤਲਬ ਸ਼ਰਨ ਦੇ ਦਾਅਵੇ ਦਾਖਲ ਕੀਤੇ ਗਏ ਜਿਨ੍ਹਾਂ ਵਿਜ਼ਟਰ ਵੀਜ਼ਾ ਵਾਲੇ ਤਕਰੀਬਨ 14 ਫ਼ੀਸਦੀ ਬਣਦੇ ਹਨ। ਇਹ ਅੰਕੜਾ ਹੋਰ ਵਧਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਕਿਉਂਕਿ ਵੀਜ਼ਾ ਐਕਸਪਾਇਰ ਹੋਣ ਦੀ ਸੂਰਤ ਵਿਚ ਹੋਰ ਜ਼ਿਆਦਾ ਵਿਦੇਸ਼ੀ ਨਾਗਰਿਕ ਰਫਿਊਜੀ ਕਲੇਮ ਦਾਇਰ ਕਰਨਗੇ। ਕੈਲਗਰੀ ਦੇ ਇੰਮੀਗ੍ਰੇਸ਼ਨ ਵਕੀਲ ਰਾਜ ਸ਼ਰਮਾ ਨੇ ਦੱਸਿਆ ਕਿ ਵਿਜ਼ਟਰ ਵੀਜ਼ਾ ਦਾ ਸਪੈਸ਼ਲ ਪ੍ਰੋਗਰਾਮ ਦਸੰਬਰ ਵਿਚ ਖ਼ਤਮ ਹੋ ਗਿਆ ਅਤੇ ਇਸ ਤਹਿਤ ਛੇ ਮਹੀਨੇ ਦਾ ਵੀਜ਼ਾ ਦਿੱਤਾ ਜਾਂਦਾ ਸੀ। ਆਉਣ ਵਾਲੇ ਦਿਨਾਂ ਵਿਚ ਹਜ਼ਾਰਾਂ ਵਿਦੇਸ਼ੀਆਂ ਦੇ ਵੀਜ਼ੇ ਖ਼ਤਮ ਹੋਣਗੇ ਅਤੇ ਅਸਾਇਲਮ ਦੇ ਦਾਅਵਿਆਂ ਵਿਚ ਮੋਟਾ ਵਾਧਾ ਹੋ ਸਕਦਾ ਹੈ।

**14 ਫ਼ੀਸਦੀ ਲੋਕ ਵਾਪਸ ਜਾਣ ਨੂੰ ਤਿਆਰ ਨਹੀਂ**

ਇੱਥੇ ਦੱਸ ਦਈਏ ਕਿ 28 ਫਰਵਰੀ, 2023 ਤੋਂ 7 ਦਸੰਬਰ 2023 ਤੱਕ ਲਾਗੂ ਰਹੇ ਸਪੈਸ਼ਲ ਪ੍ਰੋਗਰਾਮ ਦੌਰਾਨ ਵਿੱਤੀ ਸਰੋਤਾਂ ਦੇ ਸਬੂਤ ਪੇਸ਼ ਕਰਨ ਦੀ ਕੋਈ ਬੰਦਿਸ਼ ਨਹੀਂ ਸੀ। ਸਪੈਸ਼ਲ ਪ੍ਰੋਗਰਾਮ ਲਾਗੂ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਨੇ ਇਕ ਸਰਕਾਰੀ ਨੋਟ ਵਿਚ ਲਿਖਿਆ ਸੀ, “ਕੋਰੋਨਾ ਮਹਾਮਾਰੀ ਲੰਘ ਚੁੱਕੀ ਹੈ ਅਤੇ ਕੌਮਾਂਤਰੀ ਆਵਾਜਾਈ ਵਿਚ ਤੇਜ਼ੀ ਆ ਰਹੀ ਹੈ ਜਿਸ ਦੇ ਮੱਦੇਨਜ਼ਰ ਮੁਲਕ ਦੇ ਅਰਥਚਾਰੇ ਵੱਲ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ। ਸੈਲਾਨੀਆਂ, ਕਾਰੋਬਾਰੀਆਂ ਅਤੇ ਫੈਮਿਲੀ ਵਿਜ਼ਟਰਜ਼ ਦੀ ਆਵਾਜਾਈ ਦਾ ਫ਼ਾਇਦਾ ਲੈਣ ਵਾਸਤੇ ਵੀਜ਼ਾ ਪ੍ਰੋਸੈਸਿੰਗ ਦਾ ਸਮਾਂ ਘਟਾਇਆ ਜਾ ਰਿਹਾ ਹੈ।” ਦੂਜੇ ਪਾਸੇ ਕੈਨੇਡੀਅਨ ਐਸੋਸੀਏਸ਼ਨ ਆਫ ਰਫਿਊਜੀ ਲਾਅਇਰਜ਼ ਦੇ ਬੁਲਾਰੇ ਅਤੇ ਇੰਮੀਗ੍ਰੇਸ਼ਨ ਵਕੀਲ ਐਡਮ ਸੈਡਿੰਸਕੀ ਨੇ ਕਿਹਾ ਅਸਲੀਅਤ ਇਹ ਹੈ ਕਿ ਜਦੋਂ ਲੋਕ ਆਵਾਜਾਈ ਕਰਨ ਤੋਂ ਅਸਮਰੱਥ ਸਨ ਤਾਂ ਉਨ੍ਹਾਂ ਨੂੰ ਆਪਣੇ ਜੱਦੀ ਮੁਲਕ ਵਿਚ ਵਧੀਕੀਆਂ ਬਰਦਾਸ਼ਤ ਕਰਨੀਆਂ ਪਈਆਂ। ਆਖਰਕਾਰ ਜਦੋਂ ਉਨ੍ਹਾਂ ਨੂੰ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਕੈਨੇਡਾ ਵਿਚ ਆ ਕੇ ਪਨਾਹ ਮੰਗ ਲਈ। ਇਹ ਕੁਦਰਤੀ ਵਰਤਾਰਾ ਹੀ ਹੈ ਕਿ ਵਿਜ਼ਟਰ ਵੀਜ਼ਾ ਲੈ ਕੇ ਕੈਨੇਡਾ ਆਉਣ ਵਾਲਿਆਂ ਵਿਚੋਂ ਕਈਆਂ ਦਾ ਮਕਸਦ ਇਥੇ ਪਨਾਹ ਹਾਸਲ ਕਰਨਾ ਹੀ ਹੁੰਦਾ ਹੈ। ਇਸ ਤੋਂ ਇਲਾਵਾ ਜਦੋਂ ਵਿਜ਼ਟਰ ਵੀਜ਼ਾਂ ਦੇ ਨਿਯਮਾਂ ਵਿਚ ਢਿੱਲ ਦਿਤੀ ਗਈ, ਉਦੋਂ ਹੀ ਓਟਾਵਾ ਅਤੇ ਵਾਸ਼ਿੰਗਟਨ ਵੱਲੋਂ ਦੁਵੱਲੇ ਸਰਹੱਦੀ ਸਮਝੌਤੇ ਦਾ ਘੇਰਾ ਵਧਾ ਦਿਤਾ ਗਿਆ ਜਦਕਿ ਇਸ ਤੋਂ ਪਹਿਲਾਂ ਜ਼ਮੀਨੀ ਰਸਤੇ ਆਉਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਸੀ। ਰਾਜ ਸ਼ਰਮਾ ਨੇ ਇਸ ਬਾਰੇ ਕਿਹਾ ਕਿ ਫੈਡਰਲ ਸਰਕਾਰ ਕੋਲ ਕਈ ਰਾਹ ਮੌਜੂਦ ਹੁੰਦੇ ਹਨ ਜਿਨ੍ਹਾਂ ਵਿਚ ਅਰਜ਼ੀਆਂ ਵਾਪਸ ਕਰਨਾ ਅਤੇ ਬੈਕਲਾਗ ਵਿਚ ਫਸੇ ਬਿਨੈਕਾਰਾਂ ਨੂੰ ਵੀਜ਼ਾ ਫੀਸ ਵਾਪਸ ਕਰਨੀ ਸ਼ਾਮਲ ਹੈ ਜਾਂ ਸਿੱਧੇ ਤੌਰ ’ਤੇ ਐਲਾਲ ਕਰ ਦਿਤਾ ਜਾਵੇ ਕਿ ਬੈਕਲਾਗ ਕਾਫੀ ਵਧ ਚੁੱਕਾ ਹੈ ਅਤੇ ਜੇ ਕੋਈ ਉਡੀਕ ਕਰ ਸਕਦਾ ਹੈ ਤਾਂ ਠੀਕ। ਇਸ ਵੇਲੇ ਕੈਨੇਡਾ ਦੇ ਇੰਮੀਗ੍ਰੇਸ਼ਨ ਵਿਭਾਗ ਕੋਲ 11 ਲੱਖ 44 ਹਜ਼ਾਰ ਅਰਜ਼ੀਆਂ ਬਕਾਇਆ ਹਨ ਅਤੇ ਇਹ ਅੰਕੜਾ ਫਰਵਰੀ 2023 ਦੇ ਮੁਕਾਬਲੇ 64 ਫ਼ੀਸਦੀ ਹੇਠਾਂ ਆਇਆ ਹੈ।

## ਅਮਰੀਕਾ ਨੂੰ ਮੋਦੀ ਵਰਗੇ ਨੇਤਾ ਦੀ ਸਖ਼ਤ ਲੋੜ... ਕਿਸ ਨੇ ਕੀਤੀ ਪ੍ਰਧਾਨ ਮੰਤਰੀ ਦੀ ਤਾਰੀਫ

ਨਵੀਂ ਦਿੱਲੀ– ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕਪ੍ਰਿਅਤਾ ਪੂਰੀ ਦੁਨੀਆ ‘ਚ ਕਿੰਨੀ ਵੱਧ ਰਹੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਉਨ੍ਹਾਂ ਵਰਗੇ ਨੇਤਾ ਦੀ ਅਮਰੀਕਾ ‘ਚ ਵੀ ਜ਼ਰੂਰਤ ਹੈ। ਜੀ ਹਾਂ, ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਜੇਪੀ ਮੋਰਗਨ ਚੇਜ਼ ਐਂਡ ਕੰਪਨੀ ਦੇ ਸੀਈਓ ਜੈਮੀ ਡਿਮਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਦੀ ਪ੍ਰਸ਼ੰਸਾ ਕਰਦੇ ਹੋਏ, ਉਨ੍ਹਾਂ ਕਿਹਾ ਕਿ ਮੋਦੀ ਨੇ ਭਾਰਤ ਲਈ ਸ਼ਾਨਦਾਰ ਕੰਮ ਕੀਤਾ ਹੈ। ਜੇਪੀ ਮੋਰਗਨ ਦੇ ਮੁਖੀ ਜੈਮੀ ਡਿਮਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਸਾਰੀਆਂ ਚੁਣੌਤੀਆਂ ਦਾ ਦਲੇਰੀ ਨਾਲ ਸਾਹਮਣਾ ਕਰ ਰਹੇ ਹਨ। ਉਨ੍ਹਾਂ ਇਸ਼ਾਰਿਆਂ ਵਿਚ ਇਹ ਵੀ ਕਿਹਾ ਕਿ ਅਮਰੀਕਾ ਵਿਚ ਵੀ ਅਜਿਹੇ ਨੇਤਾ ਦੀ ਲੋੜ ਹੈ। ਜੋ ਹਰ ਚੁਣੌਤੀ ਦਾ ਦਲੇਰੀ ਨਾਲ ਸਾਹਮਣਾ ਕਰ ਸਕਦਾ ਹੈ। ਜੇਪੀ ਡਿਮਨ ਨੇ ਕਿਹਾ ਕਿ ਪੀਐਮ ਮੋਦੀ ਨੇ ਆਪਣੇ ਯਤਨਾਂ ਨਾਲ 40 ਕਰੋੜ ਲੋਕਾਂ ਨੂੰ ਗਰੀਬੀ ਤੋਂ ਬਾਹਰ ਲਿਆਂਦਾ ਹੈ। ਉਹ ਇੱਕ ਪ੍ਰੋਗਰਾਮ ਵਿੱਚ ਆਪਣੇ ਵਿਚਾਰ ਪੇਸ਼ ਕਰ ਰਹੇ ਸਨ।

ਇਸ ਦੇ ਨਾਲ ਹੀ ਉਨ੍ਹਾਂ ਨੇ ਉਮੀਦ ਜਤਾਈ ਕਿ ਪੀਐਮ ਮੋਦੀ ਇਸ ਗਰਮੀਆਂ ਵਿੱਚ ਤੀਜੀ ਵਾਰ ਸੱਤਾ ਵਿੱਚ ਪਰਤਣਗੇ। ਜੇਪੀ ਡਿਮੋਨ ਨੇ ਪੀਐਮ ਮੋਦੀ ਸ਼ਾਸਨ ਦੁਆਰਾ ਹਾਲ ਹੀ ਦੇ ਸਮੇਂ ਵਿੱਚ ਭਾਰਤ ਵਿੱਚ ਕੀਤੇ ਗਏ ਸੁਧਾਰਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਵਿੱਚ 700 ਮਿਲੀਅਨ ਲੋਕਾਂ ਦੇ ਬੈਂਕ ਖਾਤੇ ਹਨ ਅਤੇ ਉਨ੍ਹਾਂ ਦੇ ਭੁਗਤਾਨ ਸਿੱਧੇ ਉਨ੍ਹਾਂ ਦੇ ਖਾਤਿਆਂ ਵਿੱਚ ਟਰਾਂਸਫਰ ਕੀਤੇ ਜਾ ਰਹੇ ਹਨ।

# ਖਡੂਰ ਸਾਹਿਬ ਤੋਂ ਆਜ਼ਾਦ ਚੋਣ ਲੜ ਸਕਦਾ ਹੈ ਅੰਮ੍ਰਿਤਪਾਲ



ਅੰਮ੍ਰਿਤਸਰ : ਜਥੇਬੰਦੀ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ, ਜੋ ਇਸ ਸਮੇਂ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨਐੱਸਏ) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ, ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਚੋਣ ਲੜ ਸਕਦੇ ਹਨ। ਅੰਮ੍ਰਿਤਪਾਲ ਦੀ ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਇਸ ਬਾਰੇ ਭਲਕੇ ਸਥਿਤੀ ਸਪੱਸ਼ਟ ਹੋ ਜਾਵੇਗੀ ਕਿਉਂਕਿ ਅੰਮ੍ਰਿਤਪਾਲ ਸਿੰਘ ਦੇ ਪਿਤਾ ਅਤੇ ਚਾਚਾ 25 ਅਪਰੈਲ ਨੂੰ ਉਸ ਨਾਲ ‘ਮੁਲਾਕਾਤ’ ਕਰਨ ਲਈ ਡਿਬਰੂਗੜ੍ਹ ਵਿਖੇ ਗਏ ਹਨ। ਉਨ੍ਹਾਂ ਕਿਹਾ ਕਿ ਉਸ ਨੂੰ ਅੱਜ ਇੱਕ ਆਡੀਓ ਸੰਦੇਸ਼ ਤੋਂ ਇਸ ਬਾਰੇ ਪਤਾ ਲੱਗਿਆ ਹੈ, ਜਿਸ ਵਿੱਚ ਦਾਅਵਾ ਕੀਤਾ ਜਾ ਰਿਹਾ ਕਿ ਅੰਮ੍ਰਿਤਪਾਲ ਨੇ ਚੋਣ ਲੜਨ ਲਈ ਆਪਣੀ ਸਹਿਮਤੀ ਦੇ ਦਿੱਤੀ ਹੈ ਪਰ ਉਨ੍ਹਾਂ ਇਸ ਬਾਰੇ ਕੋਈ ਇਲਮ ਨਹੀਂ। ਅਸਲ ਵਿੱਚ, ਉਨ੍ਹਾਂ ਨੇ ਆਪਣੀ ਨੂੰਹ ਨਾਲ ਗੱਲਬਾਤ ਕੀਤੀ ਸੀ ਜੋ ਪਹਿਲਾਂ ਹੀ ਡਿਬਰੂਗੜ੍ਹ ਵਿੱਚ ਹੈ। ਉਸ ਨੇ ਵੀ ਅਜਿਹੀ ਕੋਈ ਗੱਲ ਨਹੀਂ ਦੱਸੀ। ਉਨ੍ਹਾਂ ਕਿਹਾ ਕਿ ਭਲਕੇ ਮੁਲਾਕਾਤ ਮਗਰੋਂ ਸਹੀ ਤਸਵੀਰ ਮਿਲ ਸਕੇਗੀ। ਉਨ੍ਹਾਂ ਦੱਸਿਆ ਕਿ ਸੰਗਤ ਵੱਲੋਂ ਅੰਮ੍ਰਿਤਪਾਲ ਸਿੰਘ ’ਤੇ ਚੋਣ ਲੜਨ ਲਈ ਦਬਾਅ ਪਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਅੱਜ ਆਡੀਓ ਕਲਿੱਪ ਵਾਇਰਲ ਹੋਈ ਜਿਸ ਵਿਚ ਕਿਹਾ ਜਾ ਰਿਹਾ ਹੈ ਕਿ ਉਹ ਵਿਅਕਤੀ ਅੰਮ੍ਰਿਤਪਾਲ ਦੇ ਵਕੀਲ ਰਾਜਦੇਵ ਸਿੰਘ ਖਾਲਸਾ ਹਨ ਜੋ ਅੱਜ ਡਿਬਰੂਗੜ੍ਹ ਜੇਲ੍ਹ ਵਿੱਚ ਉਸ ਨੂੰ ਮਿਲੇ ਹਨ ਅਤੇ ਉਸ ਨੂੰ ਚੋਣ ਲੜਨ ਦੀ ਅਪੀਲ ਕੀਤੀ ਸੀ ਜੋ ਉਸ ਨੇ ਮੰਨ ਲਈ ਤੇ ਆਜ਼ਾਦ ਉਮੀਦਵਾਰ ਵਜੋਂ ਖਡੂਰ ਸਾਹਿਬ ਤੋਂ ਲੋਕ ਸਭਾ ਚੋਣ ਲੜਨ ਲਈ ਤਿਆਰ ਹਨ।

## ਸੂਚਨਾ ਤੇ ਸੰਚਾਰ ਤਕਨੀਕਾਂ ਦੀ ਦੁਰਵਰਤੋਂ ਦੇ ਟਾਕਰੇ ਲਈ ਸਹਿਯੋਗ ਜਾਰੀ ਰੱਖੇਗਾ ਭਾਰਤ: ਡੋਵਾਲ



ਮਾਸਕੋ : ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਅੱਜ ਕਿਹਾ ਕਿ ਭਾਰਤ ਦਹਿਸ਼ਤਗਰਦਾਂ ਤੇ ਅਪਰਾਧੀਆਂ ਵੱਲੋਂ ਸੂਚਨਾ ਤੇ ਸੰਚਾਰ ਤਕਨੀਕਾਂ ਦੀ ਦੁਰਵਰਤੋਂ ਦੇ ਟਾਕਰੇ ਲਈ ਸਹਿਯੋਗ ਜਾਰੀ ਰੱਖੇਗਾ। ਉਨ੍ਹਾਂ ਨੇ ਸੂਚਨਾ ਸੁਰੱਖਿਆ ਯਕੀਨੀ ਬਣਾਉਣ ਲਈ ਇੱਕ ਖੁੱਲ੍ਹੇ, ਸਥਿਰ, ਸੁਰੱਖਿਅਤ, ਭਰੋਸੇਯੋਗ ਢਾਂਚੇ ਵਾਲੇ ਕੌਮਾਂਤਰੀ ਸਹਿਯੋਗ ਦਾ ਸੱਦਾ ਵੀ ਦਿੱਤਾ। ਰੂਸ ਦੇ ਸੇਂਟ ਪੀਟਰਸਬਰਗ ਵਿੱਚ ‘ਨੀਤੀ ਕੇਂਦਰਤ ਦੁਨੀਆਂ ’ਚ ਸੂਚਨਾ ਸੁਰੱਖਿਆ ਯਕੀਨੀ ਬਣਾਉਣਾ’ ਵਿਸ਼ੇ ’ਤੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਡੋਵਾਲ ਨੇ ਸਮੁੱਚੇ ਆਰਥਿਕ ਵਿਕਾਸ ਲਈ ਡਿਜੀਟਲ ਤਕਨੀਕ ਦੀ ਵਰਤੋਂ ਸਬੰਧੀ ਭਾਰਤ ਦੀ ਨੀਤੀ ਨੂੰ ਉਭਾਰਿਆ। ਉਨ੍ਹਾਂ ਕਿਹਾ ਕਿ ਭਾਰਤ ਦਹਿਸ਼ਤਗਰਦਾਂ ਤੇ ਅਪਰਾਧੀਆਂ ਵੱਲੋਂ ਸੂਚਨਾ ਤੇ ਸੰਚਾਰ ਤਕਨੀਕਾਂ ਦੀ ਦੁਰਵਰਤੋਂ ਅਤੇ ਦਹਿਸ਼ਤਗਰਦੀ ਲਈ ਫੰਡਿਗ ਰੋਕਣ ਲਈ ਸਹਿਯੋਗ ਜਾਰੀ ਰੱਖੇਗਾ। ਸੁਰੱਖਿਆ ਮਾਮਲਿਆਂ ਲਈ ਜ਼ਿੰਮੇਵਾਰ ਉੱਚ ਪੱਧਰੀ ਅਧਿਕਾਰੀਆਂ ਦੀ 12ਵੀਂ ਕੌਮਾਂਤਰੀ ਮੀਟਿੰਗ ’ਚ ਹਿੱਸਾ ਲੈਂਦਿਆਂ ਡੋਵਾਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਹਿਯੋਗ ਦੀ ਰੂਪਰੇਖਾ ’ਚ ਅਹਿਮ ਮੁੱਦਿਆਂ ’ਤੇ ਆਮ ਸਮਝ ਵਿਕਸਤ ਕਰਨ ’ਚ ਮਦਦ ਲਈ ਸਰਕਾਰਾਂ ਤੋਂ ਲੈ ਕੇ ਨਿੱਜੀ ਖੇਤਰ, ਸਿੱਖਿਆ ਜਗਤ, ਤਕਨੀਕੀ ਭਾਈਚਾਰਿਆਂ ਤੇ ਸਮਾਜ ਤੱਕ ਸਾਰੇ ਹਿੱਤਧਾਰਕ ਅਤੇ ਰੈਗੂਲਰ ਸੰਸਥਾਗਤ ਸੰਵਾਦ ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਅਧਿਆਪਨ, ਸਿੱਖਿਆ, ਜਾਗਰੂਕਤਾ ਪ੍ਰੋਗਰਾਮਾਂ ਤੇ ਉੱਭਰਦੀਆਂ ਤਕਨੀਕਾਂ ਦੀ ਸੁਰੱਖਿਆ ਦੇ ਮਾਨਕਾਂ ਦੇ ਵਿਕਾਸ ਰਾਹੀਂ ਇੱਕੋ ਜਿਹੀ ਵਿਚਾਰਧਾਰਾ ਵਾਲੇ ਦੇਸ਼ਾਂ ਦੀ ਸਮਰੱਥਾ ਨਿਰਮਾਣ ਅਤੇ ਘਰੇਲੂ ਤੇ ਕੌਮਾਂਤਰੀ ਪੱਧਰ ’ਤੇ ਸਹਿਯੋਗ ਲਈ ਢਾਂਚੇ ਦਾ ਨਿਰਮਾਣ ਵੀ ਅਜਿਹੇ ਸਹਿਯੋਗ ਦਾ ਹਿੱਸਾ ਹੋਣਾ ਚਾਹੀਦਾ ਹੈ।

# ਯੂਰੋਪ ਸਭ ਤੋਂ ਤੇਜ਼ੀ ਨਾਲ ਗਰਮ ਹੋਣ ਵਾਲਾ ਮਹਾਂਦੀਪ




## ਵਿਸ਼ਵ ਮੌਸਮ ਸੰਗਠਨ ਤੇ ਕੌਪਰਨਿਕਸ ਨੇ ਰਿਪੋਰਟ ’ਚ ਕੀਤਾ ਦਾਅਵਾ

ਨੇਪਲਸ (ਇਟਲੀ) : ਯੂਰੋਪ ਸਭ ਤੋਂ ਤੇਜ਼ੀ ਨਾਲ ਗਰਮ ਹੋਣ ਵਾਲਾ ਮਹਾਂਦੀਪ ਹੈ ਤੇ ਇਸ ਦਾ ਤਾਪਮਾਨ ਆਲਮੀ ਔਸਤ ਨਾਲੋਂ ਲਗਪਗ ਦੁੱਗਣਾ ਵਧ ਰਿਹਾ ਹੈ। ਦੋ ਮੁੱਖ ਜਲਵਾਯੂ ਨਿਗਰਾਨੀ ਸੰਗਠਨਾਂ ਨੇ ਅੱਜ ਇਹ ਰਿਪੋਰਟ ਦਿੰਦਿਆਂ ਇਸ ਦੇ ਮਨੁੱਖੀ ਸਿਹਤ, ਗਲੇਸ਼ੀਅਰ ਪਿਘਲਣ ਤੇ ਆਰਥਿਕ ਸਰਗਰਮੀਆਂ ’ਤੇ ਅਸਰ ਦੇ ਨਤੀਜਿਆਂ ਦੀ ਚਿਤਾਵਨੀ ਦਿੱਤੀ ਹੈ। ਸੰਯੁਕਤ ਰਾਸ਼ਟਰ (ਯੂਐੱਨ) ਦੇ ਵਿਸ਼ਵ ਮੌਸਮ ਸੰਗਠਨ (ਡਬਲਿਊਐੱਮਓ) ਅਤੇ ਯੂਰੋਪੀਅਨ ਯੂਨੀਅਨ ਦੀ ਜਲਵਾਯੂ ਏਜੰਸੀ ਕੌਪਰਨਿਕਸ ਨੇ ਸਾਂਝੀ ਰਿਪੋਰਟ ’ਚ ਕਿਹਾ ਕਿ ਮਹਾਂਦੀਪ ਕੋਲ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਦੇ ਜਵਾਬ ’ਚ ਪੌਣ, ਸੂਰਜੀ ਤੇ ਨਵਿਆਉਣਯੋਗ ਸਰੋਤਾਂ ਦਾ ਬਦਲ ਅਪਣਾਉਣ ਦੀ ਪ੍ਰਕਿਰਿਆ ਤੇਜ਼ ਕਰਨ ਲਈ ਟੀਚਾਬੱਧ ਰਣਨੀਤੀ ਵਿਕਸਿਤ ਕਰਨ ਦਾ ਮੌਕਾ ਹੈ। ਏਜੰਸੀਆਂ ਨੇ ਪਿਛਲੇ ਸਾਲ ਦੀ ਯੂਰੋਪੀ ਜਲਵਾਯੂ ਸਥਿਤੀ ਰਿਪੋਰਟ ’ਚ ਕਿਹਾ ਹੈ ਕਿ ਮਹਾਂਦੀਪ ਨੇ ਪਿਛਲੇ ਸਾਲ ਆਪਣੀ 43 ਫ਼ੀਸਦ ਬਿਜਲੀ ਨਵਿਆਉਣਯੋਗ ਸਰੋਤਾਂ ਤੋਂ ਪ੍ਰਾਪਤ ਕੀਤੀ ਜੋ ਉਸ ਤੋਂ ਪਿਛਲੇ ਸਾਲ ਦੀ ਤੁਲਨਾ ’ਚ 36 ਫ਼ੀਸਦ ਵੱਧ ਸੀ। ਯੂਰੋਪ ’ਚ ਲਗਾਤਾਰ ਦੂਜੇ ਸਾਲ ਪਥਰਾਟ ਈਂਧਣ ਦੇ ਮੁਕਾਬਲੇ ਨਵਿਆਉਣਯੋਗ ਸਰੋਤਾਂ ’ਤੇ ਵੱਧ ਊਰਜਾ ਪੈਦਾ ਹੋਈ ਹੈ। ਰਿਪੋਰਟ ਮੁਤਾਬਕ ਤਾਜ਼ਾ ਪੰਜ ਸਾਲਾ ਔਸਤ ਮੁਤਾਬਕ ਯੂਰੋਪ ’ਚ ਤਾਪਮਾਨ ਹੁਣ ਪਹਿਲੇ ਉਦਯੋਗਿਕ ਪੱਧਰਾਂ ਤੋਂ 2.3 ਡਿਗਰੀ ਸੈਲਸੀਅਸ (4.1 ਫਾਰਨਹੀਟ) ਵੱਧ ਚੱਲ ਰਿਹਾ ਹੈ ਜੋ ਆਲਮੀ ਪੱਧਰ ਨਾਲੋਂ 1.3 ਡਿਗਰੀ ਸੈਲਸੀਅਸ ਵੱਧ ਹੈ ਤੇ ਪੈਰਿਸ ਜਲਵਾਯੂ ਸਮਝੌਤੇ ਮੁਤਾਬਕ ਆਲਮੀ ਤਪਸ਼ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਦੇ ਟੀਚਿਆਂ ਤੋਂ ਮਾਮੂਲੀ ਘੱਟ ਹੈ।

# ਸ਼੍ਰੋਮਣੀ ਕਮੇਟੀ ਦੀਆਂ ਵੋਟਰ ਸੂਚੀਆਂ ਬਨਾਮ ਸਿੱਖਾਂ ਦੀ ਉਦਾਸੀਨਤਾ

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਅਖਵਾਉਂਦੀ ਸੰਸਥਾ (ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ) ਇਨ੍ਹਾਂ ਦਿਨਾਂ ਵਿਚ ਬਹੁਤ ਚਰਚਾ ਵਿਚ ਹੈ। ਉਂਞ ਅਜਿਹੀ ਗੱਲ ਨਹੀਂ ਕਿ ਪਹਿਲਾਂ ਇਸ ਦੀ ਚਰਚਾ ਘੱਟ ਹੁੰਦੀ ਸੀ - ਅਕਸਰ ਹੀ ਹੁੰਦੀ ਹੈ ਕਿਉਂਕਿ ਜਦੋਂ ਉਦੇਸ਼, ਟੀਚੇ ਤੇ ਨਤੀਜੇ ਅਣਕਿਆਸੇ ਰਹਿ ਜਾਣ ਤਾਂ ਕਿੰਤੂ ਪ੍ਰੰਤੂ ਤਾਂ ਹੋਵੇਗਾ ਹੀ। ਪੰਥਕ ਮਰਜੀਵੜਿਆਂ ਨੇ ਬੇਸ਼ਕੀਮਤੀ ਘਾਲਣਾ, ਸਿਰੜੀ ਲਗਨ, ਅਕਹਿ ਤੇ ਅਸਹਿ ਜ਼ਫ਼ਰ ਜਾਲ ਕੇ ਅਤੇ ਨਿਰੰਤਰ ਸ਼ਹੀਦੀਆਂ ਦੇ ਕੇ ਜਿਸ ਇਤਿਹਾਸਕ, ਮਹੱਤਵਪੂਰਨ, ਵੱਕਾਰੀ, ਮਹਾਨ ਅਤੇ ਨਾਮਵਰ ਸੰਸਥਾ ਨੂੰ ਸਿਰਜਿਆ ਤੇ ਸੰਵਾਰਿਆ ਸੀ, ਅੱਜ ਉਸ ਉੱਪਰ ਲਗਾਤਾਰ ਉੱਠ ਰਹੀਆਂ ਉਂਗਲਾਂ ਦੀ ਆਖ਼ਰ ਕੋਈ ਤਾਂ ਵਜਾਹ ਹੈ। 1920 ਤੋਂ 1925 ਤੱਕ ਪ੍ਰਵਾਹਮਾਨ ਰਹੀ ਗੁਰਦਵਾਰਾ ਸੁਧਾਰ ਲਹਿਰ, ਜਿਸ ਨੇ ਇਤਿਹਾਸਕ ਗੁਰਦੁਆਰਿਆਂ ’ਤੇ ਕਾਬਜ ਹੋ ਚੁੱਕੇ ਚਰਿੱਤਰਹੀਨ, ਲਾਲਚੀ, ਦੁਰਾਚਾਰੀ ਅਤੇ ਕੁਰਹਿਤੀਏ ਮਹੰਤਾਂ ਦਾ ਖ਼ਾਤਮਾ ਕੀਤਾ ਸੀ, ਇਸੇ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਕਾਰਜਸ਼ੀਲ ਰਹੀ। ਤੇ ਅੱਜ ਸਭ ਤੋਂ ਵੱਧ ਚਰਚਿਤ ਸ਼੍ਰੋਮਣੀ ਅਕਾਲੀ ਦਲ 14 ਦਸੰਬਰ 1920 ਨੂੰ ਹੋਂਦ ਵਿਚ ਆਇਆ । ਸਪੱਸ਼ਟ ਹੈ ਸ਼੍ਰੋਮਣੀ ਕਮੇਟੀ ਮਾਂ ਜੇਹਾ ਬੁਲੰਦ ਰੁਤਬਾ ਰੱਖਦੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਉਸ ਤੋਂ ਛੋਟਾ, ਉਸ ਤੋਂ ਉਗਮਿਆ ਉਸ ਦਾ ਪੁੱਤਰ ਪਰ ਸਿਤਮਜ਼ਰੀਫ਼ੀ ਦੇਖੋ ਕਿ ਅੱਜ ਪੁੱਤਰ ਨੇ ਹੀ ਮਾਂ ਨੂੰ ਬੁਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ ਹੈ ਤੇ ਮਾਂ ਕੁਸਕ ਵੀ ਨਹੀਂ ਸਕਦੀ। ਜੋ ਕੁਝ ਡਾਹਢਾ ਪੁੱਤਰ ਹੁਕਮ ਚਾੜ੍ਹੇ, ਸਿਰ ਨੀਵਾਂ ਕਰਕੇ ਉਸ ਉੱਪਰ ਫੁੱਲ ਚਾੜ੍ਹਣ ਲਈ ਮਜਬੂਰ ਹੈ ਮਾਂ।

ਇਹ ਇਕ ਨਿਰਵਿਵਾਦਤ ਤੱਥ ਹੈ ਕਿ ਮੱਧਕਾਲ ਦੇ ਪੰਜਾਬ ਦੇ ਕਿਸਾਨ, ਕਾਰੀਗਰ, ਹਟਵਾਣੀਏ, ਦਲਿਤ ਤੇ ਦਮਿਤ ਲੋਕ ਗੁਰੂ ਪਾਤਿਸ਼ਾਹੀਆਂ ਦੀ ਸੁਘੜ, ਸੁਚੱਜੀ ਤੇ ਵਧੀਆ ਅਗਵਾਈ ਵਿਚ ਜਥੇਬੰਦ ਹੋਏ। ਦਸ ਜਾਮਿਆਂ ਤੱਕ ਮਿਲੀ ਨੇਕ ਤੇ ਸਰਲ ਜੀਵਨ ਜਾਚ ਨੇ ਪੰਜਾਬ ਨੂੰ ਹਿੰਦੁਸਤਾਨ ਦਾ ਵਿਲੱਖਣ, ਨਿਵੇਕਲਾ, ਅੱਡਰਾ ਤੇ ਅਹਿਮ ਅੰਗ ਬਣਾ ਦਿੱਤਾ। ਖਾਲਸੇ ਦੀ ਸਿਰਜਣਾ ਇਕ ਮਹਾਂ ਇਨਕਲਾਬ ਸੀ-ਝੁੱਗੀਆਂ ’ਚ ਵੱਸਣ ਵਾਲਿਆਂ ਨੂੰ ਛਾਉਣੀਆਂ ’ਚ ਲੈ ਜਾਣ ਦੀ ਤਾਕਤ। ਮਾਲਾ ਫੇਰਨ ਵਾਲਿਆ ਨੂੰ ਭਾਲੇ ਲਿਆ ਫੜਾਉਣੇ। ਪੀਰੀ ਦੇ ਨਾਲ ਮੀਰੀ ਦਾ ਸੁਮੇਲ ਕਰ ਦੇਣਾ। ਸਮਕਾਲੀ ਬਾਦਸ਼ਾਹਤਾ ਨੂੰ ਡੰਕੇ ਦੀ ਚੋਟ ’ਤੇ ਜਾ ਵੰਗਾਰਨਾ। ਬੰਦਾ ਸਿੰਘ ਬਹਾਦਰ ਦੀ ਪੰਥਕ ਸਰਕਾਰ ਨੇ ਜਾਗੀਰਦਾਰੀ ਪ੍ਰਥਾ ਮਲੀਆਮੇਟ ਕਰਕੇ, ਜ਼ਮੀਨਾਂ ਦੇ ਮਾਲਕ ਪੰਜਾਬੀਆਂ ਨੂੰ ਬਣਾ ਕੇ ਨਵੇਂ ਕੀਰਤੀਮਾਨ ਸਥਾਪਿਤ ਕਰ ਦਿੱਤੇ। ਗੁਰੂ ਸਾਹਿਬਾਨ ਦੀ ਚਰਨ-ਛੂਹ ਨਾਲ ਨਿਵਾਜੇ ਸਥਾਨ (ਗੁਰਦੁਆਰੇ) ਪੰਜਾਬ ਦੀ ਧਾਰਮਿਕ ਤੇ ਸਭਿਆਚਾਰਕ ਪਛਾਣ ਬਣਨ ਲੱਗੇ। ਬਹੁਤ ਸਾਰੇ ਗੁਰਦਵਾਰੇ, ਗੁਰੂ ਸਾਹਿਬਾਨ ਦੇ ਜੋਤੀ-ਜੋਤ ਸਮਾਉਣ ਪਿੱਛੋਂ ਵੀ ਹੋਂਦ ਵਿਚ ਆਏ ਜਿਵੇਂ ਛੋਟਾ ਤੇ ਵੱਡਾ ਘੱਲੂਘਾਰਾ ਅਤੇ ਧਾੜਵੀਆਂ ਦੀਆਂ ਲੜਾਈਆਂ ਨਾਲ ਸਬੰਧਿਤ ਇਤਿਹਾਸਕ ਸਥਾਨਾਂ ’ਤੇ। ਸਦੀਆਂ ਤੱਕ, ਗੁਰਦੁਆਰਿਆਂ ਦਾ ਪ੍ਰਬੰਧ, ਨਿਰਮਇਲਆ, ਉਦਾਸੀ ਸੰਤਾਂ ਤੇ ਕਈ ਹੋਰ ਸੰਪਰਦਾਵਾਂ ਦੇ ਪੁਜਾਰੀਆਂ ਕੋਲ ਵੀ ਰਿਹਾ ਪਰ ਸਮੇਂ ਦੇ ਬੀਤਣ ਨਾਲ, ਧਾਰਮਿਕ ਸਥੱਲਾਂ ਦੇ ਪ੍ਰਬੰਧ ਵਿਚ ਬਹੁਤ ਊਣਤਾਈਆਂ ਆ ਗਈਆਂ - ਪੁਜਾਰੀ ਆਪਣੇ ਆਪ ਨੂੰ ਗੁਰੂ ਸਾਹਿਬਾਨ ਦੇ ਬਰਾਬਰ ਸਮਝਣ ਲੱਗ ਪਏ ਜਿਸ ਕਾਰਨ ਬਹੁਤ ਸਾਰੀਆਂ ਦਿਕਤਾਂ ਆਉਣ ਲੱਗ ਪਈਆਂ। ਇਹ ਮਹੰਤ ਅੰਗਰੇਜ਼ ਸਰਕਾਰ ਦੇ ਪਿੱਠੂ ਵੀ ਬਣ ਚੁੱਕੇ ਸਨ ਭਾਵ ਇਨ੍ਹਾਂ ਦੀ ਅੰਗਰੇਜ਼ ਹਕੂਮਤ ਵਲੋਂ ਪਿੱਠ ਥਾਪੜੀ ਜਾਂਦੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਦੋਹਾਂ ਸੰਸਥਾਨਾਂ ਨੇ ਗੁਰਦੁਆਰਾ ਸੁਧਾਰ ਲਹਿਰ ਦੀ ਵਧੀਆ ਅਗਵਾਈ ਕੀਤੀ ਜਿਸ ਸਦਕੇ ਤਰਨ ਤਾਰਨ, ਸ੍ਰੀ ਨਨਕਾਣਾ ਸਾਹਿਬ, ਗੁਰੂ ਕਾ ਬਾਗ਼, ਜੈਤੋ ਦਾ ਮੋਰਚਾ ਤੇ ਹੋਰ ਮੋਰਚਿਆਂ ਦੀ ਜਿੱਤ ਅਤੇ ਦਾਸਤਾਂ ਲਾਜਵਾਬ ਹੈ। ਇਹ ਅੰਦੋਲਨ ਪੁਰਅਮਨ ਰਹਿੰਦਿਆਂ ਲੜੇ ਗਏ ਤੇ ਜਿੱਤੇ ਵੀ ਗਏ ਜਿਸ ਖ਼ਾਤਰ ਬੇਅੰਤ ਸਿੱਖਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ, ਜੇਲ੍ਹਾਂ ਕਟਣੀਆਂ ਪਈਆਂ ਤੇ ਜਾਇਦਾਦਾਂ ਕੁਰਕ ਕਰਾਉਣੀਆਂ ਪਈਆਂ। ਜਦੋਂ ਸ੍ਰੀ ਦਰਬਾਰ ਸਾਹਿਬ ਦੇ ਤੋਸ਼ਖਾਨੇ ਦੀਆਂ ਚਾਬੀਆਂ ਹਾਸਿਲ ਕਰਨ ਲਈ ਵਿੱਢੇ ਸੰਘਰਸ਼ ਵਿਚ ਕਾਮਯਾਬੀ ਹਾਸਿਲ ਹੋਈ ਤੇ ਇਹ ਚਾਬੀਆਂ ਬਾਬਾ ਖੜਕ ਸਿੰਘ ਨੂੰ ਸੌਂਪੀਆਂ ਗਈਆਂ ਸਨ ਤਾਂ ਗਾਂਧੀ ਜੀ ਨੇ ਉਨ੍ਹਾਂ ਨੂੰ ਤਾਰ ਰਾਹੀਂ ਵਧਾਈ ਦਿੰਦਿਆਂ ਲਿਖਿਆ ਵੀ ਕਿ :-

‘ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਫ਼ੈਸਲਾਕੁਨ ਲੜਾਈ ਜਿੱਤੀ ਗਈ, ਵਧਾਈਆਂ- ।’ 1925 ਵਿਚ ਗੁਰਦਵਾਰਾ ਐਕਟ ਹੋਂਦ ਵਿਚ ਆਇਆ ਜਿਸ ਪਿੱਛੋਂ ਇਸ ਪ੍ਰਤਿਨਿੱਧ ਸੰਸਥਾ ਨੂੰ ਕਾਨੂੰਨੀ ਮਾਨਤਾ ਵੀ ਮਿਲੀ ਤੇ ਕੇਂਦਰ ਸਰਕਾਰ ਦੀ ਅਧੀਨਗੀ ਵੀ। ਸ਼ਾਇਦ ਦੁਨੀਆ ਦੀ ਹੋਰ ਕੋਈ ਵੀ ਧਾਰਮਿਕ ਸੰਸਥਾ ਇਸ ਕਦਰ ਕੇਂਦਰ ਦੇ ਗ਼ਲਬੇ ਹੇਠ ਨਾ ਹੋਵੇ ਕਿ ਉਸ ਦੀ ਹਰ ਕਾਰਵਾਈ ਕੇਂਦਰ ਦੇ ਹੁਕਮਾਂ ਨਾਲ ਬੱਝੀ ਹੋਵੇ। ਇਸ ਗੁਲਾਮੀ ਤੋਂ ਮੁਕਤ ਹੋਣ ਦੇ ਜਤਨ ਕਰਨੇ ਸਭ ਤੋਂ ਵੱਡੀ ਲੋੜ ਹੈ ਸਿੱਖਾਂ ਦੀ।

ਹਰਿਆਣਾ ਸੂਬੇ ਦੀ ਵੱਖਰੀ ਗੁਰਦੁਆਰਾ ਕਮੇਟੀ ਨੂੰ ਸੁਪਰੀਮ ਕੋਰਟ ਤੋਂ ਮਾਨਤਾ ਮਿਲ ਜਾਣ ਉਪਰੰਤ ਹੁਣ ਪੰਜਾਬ, ਹਿਮਾਚਲ ਪ੍ਰਦੇਸ ਤੇ ਚੰਡੀਗੜ੍ਹ ਦੇ ਹਰ ਬਾਲਗ ਸਿੱਖ ਨੂੰ ਇਸ ਕਮੇਟੀ ਦੇ 159 ਚੁਣੇ ਜਾਣ ਵਾਲੇ ਮੈਂਬਰਾਂ ਨੂੰ ਵੋਟ ਪਾਉਣ ਦਾ ਹੱਕ ਹਾਸਿਲ ਹੈ। ਵੋਟਰ ਸੂਚੀਆਂ ਤਿਆਰ ਕਰਨ ਲਈ ਨਿਰਧਾਰਤ ਤਾਰੀਖ ਵਾਰ ਵਾਰ ਅੱਗੇ ਪਾਉਣ ਦੇ ਬਾਵਜੂਦ ਅਜੇ ਤੱਕ ਵੀ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਰਹੀ ਅਰਥਾਤ ਸਿੱਖ ਵੋਟਾਂ ਬਣਨ ਦਾ ਅਮਲ ਅੱਧ-ਅਧੂਰਾ ਲਟਕਿਆ ਪਿਆ ਹੈ। ਦਰਅਸਲ, ਸ਼੍ਰੋਮਣੀ ਕਮੇਟੀ ਦੇ ਗਠਨ ਵੇਲੇ, ਸਮੁੱਚਾ ਪੰਜਾਬ ਇਸ ਵਿਚ ਸ਼ਾਮਲ ਸੀ ਪਰ 1947 ਦੇ ਰੌਲਿਆਂ ਵੇਲੇ, 178 ਦੇ ਲਗਪਗ ਗੁਰਦੁਆਰੇ ਉੱਧਰ ਰਹਿ ਗਏ ਸਨ ਤੇ 1966 (ਪੰਜਾਬੀ ਸੂਬੀ ਬਣਨ ਵੇਲੇ) ਵਿਚ ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵੀ ਅਲੱਗ-ਥਲੱਗ ਹੋ ਗਏ ਜਿਸ ਕਾਰਨ ਹੁਣ ਇਹ ਕਮੇਟੀ ਅੰਤਰ-ਰਾਜੀ ਹੋ ਜਾਣ ਕਰਕੇ, ਵਧੇਰੇ ਸ਼ਕਤੀਸ਼ਾਲੀ ਹੋਣੀ ਚਾਹੀਦੀ ਸੀ ਪਰੰਤੂ ਹੁਣ ਇਹ ਸਗੋਂ ਹੋਰ ਵੀ ਸ਼ਕਤੀ ਹੀਣ ਹੋ ਕੇ ਰਹਿ ਗਈ ਹੈ ਕਿਉਂਕਿ ਇਸ ਨੂੰ ਸਵਾਰਥੀ ਆਗੂਆਂ ਨੇ ਅਗਵਾ ਕੀਤਾ ਹੋਇਆ ਹੈ। ਦੂਸਰੀ ਚਿੰਤਾਜਨਕ ਗੱਲ ਕਿ 1966 ਤੋਂ ਬਾਅਦ, ਇਸ ਦਾ ਕੰਟਰੋਲ ਕੇਂਦਰ ਸਰਕਾਰ ਕੋਲ ਚਲੇ ਗਿਆ ਹੈ ਜੋ ਮਨਮਰਜ਼ੀ ਨਾਲ ਫ਼ੈਸਲੇ ਲੈਂਦੀ ਹੈ। ਪਟਨਾ ਸਾਹਿਬ ਤੇ ਨੰਦੇੜ ਸਾਹਿਬ ਦੇ ਆਪਣੇ ਅਲੱਗ ਬੋਰਡ ਬਣੇ ਹੋਏ ਹਨ ਜਿਨ੍ਹਾਂ ਵਿਚ ਵੀ ਅਕਸਰ ਕੇਂਦਰ ਦੀ ਫ਼ਾਲਤੂ ਦਖ਼ਲਅੰਦਾਜੀ ਜੱਗ ਜ਼ਾਹਿਰ ਹੈ। ਪਿੱਛੇ ਜਿਹੇ ਹੀ, ਨੰਦੇੜ ਸਾਹਿਬ ਦੇ ਬੋਰਡ ਵਿਚ, ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਗਿਣਤੀ ਘਟਾਉਣ ਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰਾਂ ਨੂੰ ਲਾਂਭੇ ਕਰ ਦੇਣ ਦੇ ਫ਼ੈਸਲੇ ਨਾਲ ਪੁਰਜ਼ੋਰ ਵਿਰੋਧ ਅਤੇ ਧਰਨੇ-ਪ੍ਰਦਰਸ਼ਨ ਹੋਏ ਸਨ ਕਿਉਂਕਿ ਮਹਾਂਰਾਸ਼ਟਰ ਸਰਕਾਰ ਨੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਧਾ ਕੇ ਇਸ ਧਾਰਮਿਕ ਸਥੱਲ ਨੂੰ ਹੜੱਪਣ ਦੀ ਯੋਜਨਾ ਬਣਾ ਲਈ ਸੀ। ਸ਼੍ਰੋਮਣੀ ਕਮੇਟੀ ਵਿਚ,ਔਰਤਾਂ ਲਈ 30 ਸੀਟਾਂ ਰਾਖਵੀਆਂ ਹਨ ਜੋ ਉਨ੍ਹਾਂ ਦੀ ਆਬਾਦੀ ਮੁਤਾਬਿਕ ਬਹੁਤ ਘੱਟ ਹਨ।

8 ਅਕਤੂਬਰ 2003 ਨੂੰ, ਭਾਰਤ ਸਰਕਾਰ ਨੇ, ਇਕ ਆਰਡੀਨੈਂਸ ਜਾਰੀ ਕਰਕੇ, ਸਹਿਜਧਾਰੀ ਸਿੱਖਾਂ ਨੂੰ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟਰ ਬਣਨ ਦਾ ਅਧਿਕਾਰ ਖ਼ਤਮ ਕਰ ਦਿੱਤਾ ਭਾਵੇਂ 1978 ਵਿਚ ਇਸੇ ਕਮੇਟੀ ਨੇ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਵੀ ਕੀਤੀ ਸੀ ਪਰ ਅੱਧੀ ਸਦੀ ਲੰਘ ਜਾਣ ਉਪਰੰਤ ਵੀ ਇਹ ਐਕਟ ਨਹੀਂ ਬਣ ਸਕਿਆ। ਸਹਿਜਧਾਰੀਆਂ ਨੂੰ ਦਰਕਿਨਾਰ ਕਰਨ ਪਿੱਛੇ ਵੀ ਤਤਕਾਲੀ ਮੁੱਖ ਮੰਤਰੀ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਮਿਲੀ ਭੁਗਤ ਸੀ ਕਿਉਂਕਿ ਬਾਦਲੀਏ ਤੇ ਬੀਬੀ ਦੇ ਇਰਾਦੇ ਕੁਝ ਹੋਰ ਸਨ। 30-11-2000, 30-3-2001 ਤੇ 30-3-2002 ਨੂੰ ਸ਼੍ਰੋਮਣੀ ਕਮੇਟੀ ਦੇ ਆਮ ਇਜਲਾਸ ਵਿਚ ਪਾਸ ਕਰਵਾਏ ਮਤਿਆਂ ਅਨੁਸਾਰ, ਹੁਣ ਕੋਈ ਵੀ ਸਹਿਜਧਾਰੀ ਨਹੀਂ ਸੀ ਰਿਹਾ। ਇਸੇ ਆੜ ਵਿਚ, ਇਕ ਆਰਡੀਨੈਂਸ ਪਾਰਲੀਮੈਂਟ ਵਿਚ ਪੇਸ਼ ਕਰਕੇ, ਸਹਿਜਧਾਰੀ ਸਿੱਖਾਂ ਦੇ ਵੋਟ ਦੇ ਅਧਿਕਾਰ ਨੂੰ ਖੋਹ ਲਿਆ ਗਿਆ ਸੀ ਪਰ ਇਕ ਪੜ੍ਹੇ ਗੁੜ੍ਹੇ ਸਹਿਜਧਾਰੀ ਡਾ. ਪਰਮਜੀਤ ਸਿੰਘ ਰਾਣੂੰ ਨੇ ਇਸ ਫ਼ੈਸਲੇ ਵਿਰੁੱਧ ਕੇਸ ਕਰ ਦਿੱਤਾ, ਜਿਸ ਕਰਕੇ 20-12-2011 ਨੂੰ ਉੱਚ ਅਦਾਲਤ ਨੇ ਆਰਡੀਨੈੱਸ ਵੀ ਤੇ 2011 ਵਿਚ ਕਰਵਾਈਆਂ ਗਈਆਂ ਸ਼੍ਰੋਮਣੀ ਕਮੇਟੀ ਲਈ ਚੋਣਾਂ ਨੂੰ ਵੀ ਰੱਦ ਕਰ ਦਿੱਤਾ। ਦਹਾਕੇ ਤੋਂ ਵੱਧ ਸਮਾਂ ਬੀਤ ਜਾਣ ’ਤੇ ਵੀ, ਇਹ ਚੋਣਾਂ ਨਹੀਂ ਕਰਵਾਈਆਂ ਜਾ ਸਕੀਆਂ ਕਿਉਂਕਿ ਸਹਿਜਧਾਰੀਆਂ ਵਾਲਾ ਮੁੱਦਾ ਅਜੇ ਵੀ ਵਿਚ ਵਿਚਾਲੇ ਲਟਕਿਆ ਪਿਆ ਹੈ।

ਹੁਣ ਰਤਾ ਕੁ ਵਿਚਾਰਨ ਦਾ ਜਤਨ ਕਰੀਏ ਕਿ ਆਖ਼ਰ ‘ਸਹਿਜਧਾਰੀ’ ਹੈ ਕੌਣ ? ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਹਜ (ਗਿਆਨ) ਧਾਰਨ ਵਾਲਾ (ਵਿਚਾਰਵਾਨ) ਸੌਖਾਲੀ ਧਾਰਨ ਵਾਲਾ, ਸੌਖੀ ਰੀਤ ਅੰਗੀਕਾਰ ਕਰਨ ਵਾਲਾ ਜੋ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕਰਦਾ ਅਤੇ ਕਛ ਕ੍ਰਿਪਾਨ ਦੀ ਰਹਿਤ ਨਹੀਂ ਰਖਦਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਆਪਣੀ ਹੋਰ ਧਰਮ ਪੁਸਤਕ ਨਹੀਂ ਮੰਨਦਾ, ਉਹ ਸਹਿਜਧਾਰੀ ਸਿੱਖ ਹੈ। ਭਾਈ ਸਾਹਿਬ ਗੁਰਮਤਿ ਮਾਰਤੰਡ ਵਿਚ, ਭਾਈ ਮਨੀ ਸਿੰਘ ਵਾਲੀ ‘ਭਗਤ ਰਤਨਾਵਲੀ’ ਦਾ ਹਵਾਲਾ ਦੇ ਕੇ ਫਿਰ ਲਿਖਦੇ ਹਨ ਕਿ ‘ਜੇ ਕੋਈ ਬ੍ਰਾਹਮਣ ਜਾਂ ਸਾਧ, ਪੀਰਾਂ ਵਾਲੇ ਕਰਮ ਕਾਂਡ ਨਹੀਂ ਕਰਦਾ, ਅਤੇ ਗੁਰੂ ਦੇ ਕਹੇ ਅਨੁਸਾਰ ਭੱਦਣ ਭਾਵ ਕੇਸ ਨਹੀਂ ਕੱਟਦਾ, ਉਹ ਸਹਿਜਧਾਰੀ ਸਿੱਖ ਹੈ। ਅਜਿਹੇ ਸਹਜਧਾਰੀ ਸਿੱਖ ਪੰਥ ਦਾ ਅੰਗ ਹਨ।’ ਹੁਣ ਵਿਚਾਰੋ ਕਿ ਸਿੱਖਾਂ ਵਿੱਚੋਂ ਅਸਲ ਸਿੱਖ ਕਿੰਨੇ ਬਚੇ ਹਨ ਕਿਉਂਕਿ ਅੱਜ ਤਾਂ ਕੀ ਸ਼ਹਿਰ ਤੇ ਕੀ ਪਿੰਡ ਹਰ ਥਾਂ ਬੋਦੇ ਬਣਾਈ ਫਿਰਦੇ ਸਿੱਖ ਮੁੰਡੇ ਹੀ ਨਜ਼ਰੀ ਪੈਂਦੇ ਹਨ। ਸਵਰਗਵਾਸੀ ਜਥੇਦਾਰ ਸ੍ਰ. ਗੁਰਚਰਨ ਸਿੰਘ ਟੌਹੜਾ ਨੂੰ ਆਖ਼ਰੀ ਵਾਰ ਮੈਂ ਗੁਰਦੁਆਰਾ ਦੁਖ ਨਿਵਾਰਣ ਸਾਹਿਬ ਪਟਿਆਲਾ ਵਿਚ 30 ਦਸੰਬਰ 2003 ਨੂੰ ਸੁਣਿਆ ਸੀ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋਬਾਰਾ ਪ੍ਰਧਾਨ ਬਣਨ ਉਪਰੰਤ ਸ੍ਰੀ ਫ਼ਤਹਿਗੜ੍ਹ ਸਾਹਿਬ ਦਾ ਸ਼ਹੀਦੀ ਜੋੜ-ਮੇਲ ਸੰਪੂਰਨ ਕਰਕੇ ਵਾਪਸ ਪਰਤ ਰਹੇ ਸਨ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਸੰਬੰਧੀ ਚੱਲ ਰਹੇ ਸਮਾਗਮ ਮੌਕੇ ਉਨ੍ਹਾਂ ਨੇ ਭਰੇ ਮਨ ਨਾਲ ਕਿਹਾ ਸੀ ਕਿ “ਮੈਂ ਪੈਂਤੀ ਕਿਲੋਮੀਟਰ ਦੇ ਸਫ਼ਰ ਦੌਰਾਨ (ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਪਟਿਆਲੇ ਤੱਕ) ਦੇਖਦਾ ਆਇਆ ਹਾਂ ਕਿ ਦਾਦਾ ਅੰਮ੍ਰਿਤਧਾਰੀ, ਬਾਪੂ ਸਹਿਜਧਾਰੀ ਤੇ ਪੋਤਾ ਸਫ਼ਾ ਚੱਟ ਹੋ ਚੁੱਕਾ ਹੈ। ਇਹੋ ਮੰਜ਼ਿਰ ਚਾਰ ਚੁਫ਼ੇਰੇ ਨਜ਼ਰ ਆ ਰਿਹਾ ਸੀ।’ ਇਹ ਗੱਲ 2003-04 ਦੀ ਹੈ ਅਰਥਾਤ ਟੌਹੜਾ ਕਾਲ ਵਿਚ ਵੀ ਪਤਿਤਪੁਣਾ ਸਿਖ਼ਰਾਂ ’ਤੇ ਪੁੱਜ ਚੁੱਕਾ ਸੀ ਹਾਲੇ ਕਿ ਵਿਦੇਸ਼ਾਂ ਵੰਨੀ ਇਹੋ ਜਿਹੀ ਭੇਡ-ਚਾਲ ਅਜੇ ਐਨੀ ਨਹੀਂ ਸੀ ਸ਼ੁਰੂ ਹੋਈ।




Pro-Active Drayage
TRANSPORT PAD

## CLASS 1 DRIVERS NEEDED

Transport PAD is looking for drivers with **at least 3 years Class 1 experience within North America** to join our team here in Montreal. Experience at CP, CN and Port is an asset. This will be an employee driver (on our payroll), not incorporated. Will be entitled to vacation days, sick days and paid for all federal statutory holidays.

Transport PAD is a family-owned business operating for almost 40 years, totally independent and not affiliated with any third party or logistics company. We are a leader in intermodal drayage in Quebec, serving many logistics partners. We have an experienced operations team that take pride in treating our drivers with respect. The safety and security of our drivers is our top priority. We offer a competitive renumeration package (including monthly and annual bonuses) and a great work environment.

**We are located at 10765 Chemin Côte de Liesse in Dorval Montreal. If you are interested in joining our team, please call Marc at 514-264-4630.**
**Transport PAD**
**http://www.transportpad.com**

## DAN-IPTV




contact Info:438:929:8017

CHANNELS FROM AROUND THE GLOBE.

live channels,Punjabi,all Indian, Pakistani,English and All over The World with Sports package, Movies,Ppv,HBO,Sports, Netflix,Amazon,Disney,Apple,

ਸਾਰੇ ਪੰਜਾਬੀ ਇੰਡੀਅਨ ਲਾਈਵ ਚੈਨਲ ਤੋਂ ਇਲਾਵਾ ਤੁਸੀਂ ਪਾਕਿਸਤਾਨੀ ਚੈਨਲਾਂ ਦੇ ਨਾਲ ਨਾਲ ਦੁਨੀਆ ਭਰ ਦੇ ਸਪੋਰਟਸ ਚੈਨਲਾਂ, ਮੂਵੀਜ਼ ਚੈਨਲਾਂ, ਐਚਬੀਓ, ਨੈਟਫਲਿੱਕਸ, ਡਿਸਨੀ ਅਤੇ ਐਪਲ ਦੇ ਚੈਨਲਾਂ ਦਾ ਵੀ ਆਨੰਦ ਮਾਣ ਸਕਦੇ ਹੋ

Instagram:IAMDJDANNY
FACEBOOK: DANNY DANNY

**ਅੱਜ ਦਾ ਵਿਚਾਰ** | ਭੈੜੇ ਨਿਯਮ ਘਟੀਆ ਪ੍ਰਕਾਰ ਦਾ ਪ੍ਰਬੰਧ ਦਿੰਦੇ ਹਨ : ਬ੍ਰਕ

## ਸੰਪਾਦਕੀ........

# ਕੀ ਅੱਜ ਦੇ ਲੋਕਾਂ ਦਾ ਦੁਖੀ ਰਹਿਣ ਦਾ ਕਾਰਨ,ਕਿਤੇ ਬੀਤਿਆ ਸਮਾਂ ਤਾਂ ਨਹੀਂ

ਸਿਆਣਿਆਂ ਤੋਂ ਸੁਣਦੇ ਆਉਂਦੇ ਸੀ ਕੀ ਪਹਿਲਾਂ ਸਮੇਂ ਹੋਰ ਹੁੰਦੇ ਸੀ ਜਿਵੇਂ ਸੱਚ ਯੁੱਗ,ਤਰੇਤਾ ਯੁੱਗ ,ਦੋਆਪਰ ਯੁੱਗ,ਕਲਯੁੱਗ,ਜ਼ੇਕਰ ਇਹਨਾਂ ਸਮਿਆਂ ਦੀ ਗੱਲ ਕਰੀਏ ਤਾਂ ਇਹਨਾਂ ਸਮਿਆਂ ਵਿੱਚ ਸ਼੍ਰੀ ਰਾਮਚੰਦਰ,ਸ੍ਰੀ ਕ੍ਰਿਸ਼ਨ ਜੀ ਤੇ ਦੇਵਤਿਆਂ ਦਾ, ਫ਼ਿਰ ਰਾਜਿਆਂ ਮਹਾਰਾਜਿਆਂ ਦਾ ਸਮਾਂ ਰਿਹਾ,ਇਹ ਸਭ ਉਸ ਸਮੇਂ ਦੇ ਵੇਦ ਪੁਰਾਣ ਗਰੰਥ ਦੇ ਵਿੱਚ ਸਮੇਂ ਅਨੁਸਾਰ ਅੱਲਗ ਅੱਲਗ ਸਮਿਆਂ ਵਾਰੇ ਦੱਸਿਆ ਗਿਆ ਹੈ।

ਪਰ ਜ਼ੇਕਰ ਅਸੀਂ ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਅੱਜ ਦੀ ਨੌਜਵਾਨ ਪੀੜ੍ਹੀ ਪਿੱਛਲੇ ਸਮੇਂ ਨੂੰ ਕੋਈ ਬਹੁਤੀ ਅਹਿਮੀਅਤ ਨਹੀਂ ਦਿੰਦੀ ਨਜ਼ਰ ਆਉਂਦੀ ,ਕਿਉਂਕਿ ਉਹਨਾਂ ਵਿੱਚੋਂ ਬਹੁਤ ਸਾਰਿਆਂ ਦੀ ਸੋਚ ਪੁਰਾਣੇ ਸਮਿਆਂ ਤੋਂ ਬਹੁਤ ਦੂਰ ਦੀ ਹੈ ਜਾਂ ਕਈਆਂ ਦੀ ਸੋਚ ਅੱਜ ਵੀ ਮੇਲ ਜੋਲ ਖਾਂਦੀ ਹੋਈ ਨਜ਼ਰ ਆਉਂਦੀ ਹੈ, ਜੋ ਇਸ ਤਰਾਂ ਦੀ ਸੋਚ ਸਾਡੇ ਆਉਣ ਵਾਲੇ ਕੱਲ ਲਈ ਇੱਕ ਸਵਾਲੀਆਂ ਨਿਸ਼ਾਨ ਪੈਂਦਾ ਕਰਦੀ ਹੈ,ਬਾਕੀ ਜੋ ਹੋਣਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਪਰ ਅੱਜ ਅਸੀਂ ਗੱਲ ਕਰਦੇ ਹਾਂ ਅੱਜ ਦੇ ਸਮੇਂ ਦੀ ਜਾਂ ਸਾਡੀ ਨਵੀਂ ਪੀੜ੍ਹੀ ਦੇ ਸਮੇਂ ਦੀ ਗੱਲ ਜਾਂ ਮੌਡਰਨ ਸਮੇਂ ਦੀ ਤਾਂ ਅੱਜ ਦਾ ਜੋ ਸਮਾਂ ਚੱਲ ਰਿਹਾ ਹੈ ਜਾਂ ਬੀਤ ਗਿਆ ਤੇ ਆਉਣ ਵਾਲੇ ਸਮੇਂ ਪ੍ਰਤੀ ਸਾਡਾ ਤੇ ਸਾਡੀ ਨਵੀਂ ਪੀੜ੍ਹੀ ਨੇ ਕਿਵੇਂ ਵਰਤਣਾ ਹੈ ਜਾਂ ਵਰਤ ਰਹੀ ਹੈ ਉਸ ਵਾਰੇ ਗੱਲ ਬਾਤ ਕਰਾਂਗੇ ,ਮੈਂ ਵੀ ਕੋਈ ਬਹੁਤਾ ਸਿਆਣਾ ਤਾਂ ਨਹੀਂ ਜੋ ਸਮੇਂ ਦੀਆਂ ਗੱਲਾਂ ਪਰਖ ਸਕਾਂ ਤੇ ਦੱਸ ਸਕਾ ਬਸ ਇੱਕ ਅੰਦਾਜ਼ੇ ਅਨੁਸਾਰ ਗੱਲ ਤੇ ਕਰ ਹੀ ਸਕਦੇ ਹਾਂ।

ਅੱਜ ਅਸੀਂ ਤਿੰਨ ਪ੍ਰਕਾਰ ਦੇ ਸਮੇਂ ਤੇ ਜ਼ਿੰਦਗੀ ਬਿਤਾ ਰਹੇ ਹਾਂ ਜਾਂ ਜਿਉਣ ਦਾ ਵਲ ਸਿੱਖ ਰਹੇ ਹਾਂ, ਸਾਡੇ ਇਸ ਸਮੇਂ ਵਿੱਚ ਅਸੀਂ ਭੂਤ ਕਾਲ, ਭਵਿੱਖ ਕਾਲ, ਤੇ ਵਰਤਮਾਨ ਕਾਲ ਦੇ ਅਨੁਸਾਰ ਜ਼ਿੰਦਗੀ ਜਿਊਣ ਦੇ ਤਰੀਕੇ ਢੰਗ ਅਪਣਾਉਂਦੇ ਹਾਂ, ਭੂਤ ਕਾਲ ਉਹ ਹੈ ਜਿਸ ਵਿੱਚ ਅਸੀਂ ਆਪਣੀ ਜ਼ਿੰਦਗੀ ਦੇ ਪਲ ਬਿਤਾ ਚੁੱਕੇ ਹਾਂ ਉਹ ਪਲ ਚਾਹੇ ਚੰਗੇ ਸੀ ਜਾਂ ਮਾੜੇ ਪਰ ਉਹ ਪਲ ਸਾਡੇ ਚੱਲ ਰਹੇ ਵਰਤਮਾਨ ਲਈ ਬਹੁਤ ਸਾਰੀਆਂ ਨਵੀਆਂ ਯੋਜਨਾਬੰਦੀ ਨੂੰ ਜਨਮ ਦਿੰਦੇ ਹਨ। ਅਸੀਂ ਆਪਣੇ ਵਰਤਮਾਨ ਸਮੇਂ ਲਈ ਭੂਤ ਕਾਲ ਤੋਂ ਬਹੁਤ ਕੁੱਝ ਸਿੱਖ ਸਕਦੇ ਹਾਂ। ਪਰ ਜ਼ੇਕਰ ਵੇਖਿਆ ਜਾਵੇ ਅਸਲੀਅਤ ਵਿੱਚ ਜ਼ਿੰਦਗੀ ਉਹ ਹੀ ਹੈ, ਜੋ ਅਸੀਂ ਭੂਤਕਾਲ ਨੂੰ ਯਾਦ ਕਰਕੇ ਜਾਂ ਭੂਤਕਾਲ ਦੇ ਵਿੱਚ ਸਾਡੇ ਨਾਲ ਸਬੰਧਤ ਘਟਨਾਵਾਂ ਘਟੀਆਂ ਤੋਂ ਸਬਕ ਲੈਕੇ ਉਹਨਾਂ ਦਾ ਇਸਤੇਮਾਲ ਆਪਣੇ ਵਰਤਮਾਨ ਸਮੇਂ ਵਿੱਚ ਕਰੀਏ,ਇਸ ਤਰਾਂ ਕਰਨ ਨਾਲ ਅਸੀਂ ਕੀ, ਕੋਈ ਵੀ ਵਰਤਮਾਨ ਸਮੇਂ ਵਿੱਚ ਧੋਖਾ ਨਹੀਂ ਖਾਵੇਂਗਾ, ਅਸੀਂ ਆਉਣ ਵਾਲ਼ੇ ਸਮੇਂ ਤੋਂ ਕੁੱਝ ਨਹੀਂ ਸਿਖ ਸਕਦੇ ਜ਼ੇਕਰ ਸਾਨੂੰ ਸਿਖਾਉਣ ਤੇ ਸਮਝਾਉਣ ਲਈ ਕੋਈ ਹੈ ਤਾਂ ਉਹ ਹੈ ਸਾਡਾ ਭੂਤਕਾਲ ,ਇੱਕ ਭੂਤਕਾਲ ਹੀ ਹੈ ਜੋ ਸਾਡੇ ਲਈ ਬਹੁਤ ਕੁੱਝ ਛੁਪਾਕੇ ਬੈਠਾ ਹੈ, ਬਸ ਲੋੜ ਹੈ ਤਾਂ ਭੂਤਕਾਲ ਤੋਂ ਸਿੱਖਿਆ ਲੈਕੇ ਕੁੱਝ ਕਰਨ ਦੀ ਤੇ ਆਪਣੀਆਂ ਕਮੀਆਂ ਨੂੰ ਸਮਝਣ ਦੀ ਤੇ ਸਮੇਂ ਦੀ ਕਸੌਟੀ ਤੇ ਖਰ੍ਹਾਂ ਉੱਤਰਨ ਦੀ। ਅੱਜ ਦਾ ਜੋ ਇਨਸਾਨ ਹੈ, ਉਹ ਆਪਣੇ ਭੂਤਕਾਲ ਤੋਂ ਨਾ ਕੋਈ ਸਬਕ ਲੈਂਦਾ ਹੈ ਤੇ ਨਾ ਹੀ ਕੁੱਝ ਸਿਖਦਾ ਹੈ, ਜ਼ੇਕਰ ਉਹ ਜ਼ਿਆਦਾ ਫ਼ਿਕਰਮੰਦ ਰਹਿੰਦਾ ਹੈ ਤਾਂ ਭਵਿੱਖ ਨੂੰ ਲੈਕੇ ਜ਼ੋ ਆਉਣਾ ਹੈ ਅਜੇ ਅਸੀਂ ਆਉਣ ਵਾਲੇ ਸਮੇਂ ਦੀ ਪਹਿਲਾਂ ਕਲਪਨਾ ਕਰਨ ਲੱਗ ਜਾਂਦੇ ਹਾਂ, ਇਸ ਕਲਪਨਾ ਵਿੱਚ ਅਸੀਂ ਭੂਤਕਾਲ ਤੋਂ ਕੁੱਝ ਸਿਖਦੇ ਨਹੀਂ ਤੇ ਵਰਤਮਾਨ ਸਮੇਂ ਨੂੰ ਅਸਲੀਅਤ ਵਿੱਚ ਜਿਊਣਾ ਭੁੱਲ ਜਾਂਦੇ ਹਾਂ, ਜ਼ਿਆਦਾਤਰ ਲੋਕ ਅਕਸਰ ਭਵਿੱਖ ਨੂੰ ਲੈਕੇ ਬਹੁਤ ਹੀ ਫ਼ਿਕਰਮੰਦ ਵੇਖੇਂ ਗਏ ਹਨ,ਉਹਨਾਂ ਵਿੱਚੋਂ ਬਹੁਤ ਸਾਰੇ ਇਨਸਾਨਾਂ ਦਾ ਦੁੱਖੀ ਰਹਿਣ ਦਾ ਕਾਰਨ ਇਹ ਵੀ ਸੀ ਕੀ ਉਹਨਾਂ ਨੇ ਭੂਤਕਾਲ ਤੋਂ ਕੋਈ ਸਬਕ ਨਹੀਂ ਲਿਆ ਤੇ ਵਰਤਮਾਨ ਸਮੇਂ ਨੂੰ ਠੀਕ ਤਰ੍ਹਾਂ ਸੰਭਾਲਿਆ ਹੀ ਨਹੀਂ। ਸਾਡੇ ਦੁੱਖਾਂ ਦਾ ਕਾਰਨ ਸਾਡਾ ਆਉਣ ਵਾਲਾ ਭਵਿੱਖ ਵੀ ਹੋ ਸਕਦਾ ਹੈ, ਕਿਉਂਕਿ ਅਸੀਂ ਜੋ ਚੀਜ਼ ਤੇ ਸਮਾਂ ਵੇਖਿਆ ਹੀ ਨਹੀਂ ਉਸ ਵਾਰੇ ਜ਼ਿਆਦਾ ਫ਼ਿਕਰਮੰਦ ਹੋਣਾ ਜਾਂ ਫ਼ਿਕਰ ਕਰਦੇ ਰਹਿਣਾ,ਸੁਪਨੇ ਉਸਾਰੀ ਜਾਣਾ ਤੇ ਸਮਾਂ ਆਉਣ ਤੇ ਸਾਡੀਆਂ ਉਮੀਦਾਂ ਤੋਂ ਉਲਟ ਹੋ ਜਾਣਾ ਇਹ ਸਾਡੇ ਲਈ ਉਸ ਸਮੇਂ ਬਹੁਤ ਹੀ ਕਠਿਨਾਈਆਂ ਵਾਲਾ ਸਮਾਂ ਆ ਜਾਂਦਾ ਹੈ, ਇਹੋ ਜਿਹੇ ਸਮੇਂ ਵਿੱਚ ਹਰੇਕ ਵਿਅਕਤੀ ਦਾ ਸੰਭਲ ਜਾਣਾ ਥੋੜ੍ਹਾ ਔਖਾ ਜਿਹਾ ਲੱਗਦਾ ਹੈ।

ਸੋ ਸਾਨੂੰ ਸਾਰਿਆਂ ਨੂੰ ਜ਼ਿੰਦਗੀ ਜਿਊਣ ਲਈ ਸਾਡੇ ਭੂਤਕਾਲ ਤੋਂ ਬਹੁਤ ਕੁੱਝ ਸਿਖਣ ਦੀ ਲੋੜ ਹੈ ਨਾ ਕੀ ਉਹ ਨੂੰ ਅੱਖੋਂ ਓਹਲੇ ਕਰਕੇ ਵਰਤਮਾਨ ਤੇ ਭਵਿੱਖ ਤੱਕ ਸੋਚੀਏ,ਅਸਲ ਵਿੱਚ ਸਾਨੂੰ ਭੂਤਕਾਲ ਤੋਂ ਸਾਡੀਆਂ ਕਮੀਆਂ ਜਾਣਕੇ ਤੇ ਵਰਤਮਾਨ ਸਮੇਂ ਵਿੱਚ ਸਹੀ ਤੇ ਦਰੁੱਸਤ ਵਿਉਤਬੰਦੀ ਨਾਲ ਅਸੀਂ ਆਪਣੇ ਭੂਤਕਾਲ ਤੋਂ ਵਰਤਮਾਨ ਸਮੇਂ ਵਿੱਚ ਕੰਮ ਲਈਏ,ਇੱਕ ਗੱਲ ਹੋਰ ਜ਼ੇਕਰ ਸਾਡਾ ਵਰਤਮਾਨ ਸਮਾਂ ਵਧੀਆਂ ਹੋਵੇਂਗੇ।

ਤਾਂ ਸਾਡਾ ਆਉਣ ਵਾਲਾ ਭਵਿੱਖ ਵੀ ਵਧੀਆਂ ਹੀ ਹੋਵੇਂਗੇ,ਇੱਕ ਗੱਲ ਸੋਚਕੇ ਵੀ ਚੱਲਦੇ ਹਾਂ ਜੇ ਭਵਿੱਖ ਵਧੀਆ ਨਹੀਂ ਹੋਵੇਂਗੇ ਤਾਂ ਵਰਤਮਾਨ ਨਾਲੋਂ ਮਾੜਾ ਵੀ ਨਹੀਂ ਹੋਵੇਂਗੇ, ਇਸ ਲਈ ਸਾਨੂੰ ਜ਼ਿੰਦਗੀ ਜਿਊਣ ਲਈ ਭੂਤਕਾਲ ਤੋਂ ਬਹੁਤ ਕੁੱਝ ਸਿਖਣ ਦੀ ਲੋੜ ਹੈ, ਤੇ ਵਰਤਮਾਨ ਵਿੱਚ ਗਲਤੀਆਂ ਨਾ ਦੁਹਰਾਕੇ ਅਸੀਂ ਆਪਣਾ ਆਉਣ ਵਾਲਾ ਭਵਿੱਖ ਸੁਧਾਰ ਸਕਦੇ ਹਾਂ ਤੇ ਵਰਤਮਾਨ ਸਮੇਂ ਵਿੱਚ ਵਧੀਆਂ ਜ਼ਿੰਦਗੀ ਬਿਤਾ ਸਕਦੇ ਹਾਂ।

# ਕਿਰਤੀ ਮਜ਼ਦੂਰਾਂ ਦੇ ਸੰਘਰਸ਼ ਨੂੰ ਸਲਾਮ

ਪਹਿਲੀ ਮਈ ਦੇ ਕੁਰਬਾਨੀਆਂ ਭਰੇ ਇਤਿਹਾਸਕ ਦਿਹਾੜੇ ਨੂੰ ਦੁਨੀਆਂ ਭਰ ਦੇ ਕਿਰਤੀ ਭਾਈ ਲਾਲੋ ਹਰ ਵਰ੍ਹੇ ਹੀ ਪ੍ਰਣ ਦਿਵਸ ਵਜੋਂ ਮਨਾਉਂਦੇ ਹਨ. ਬਹੁਤ ਲੰਮੇ ਸਮੇਂ ਤੋਂ ਇਹ ਕਿਰਤੀਆਂ ਦਾ ਕੌਮਾਂਤਰੀ ਤਿਉਹਾਰ ਬਣ ਚੁੱਕਾ ਹੈ, ਕਿਉਂਕਿ ਇਸ ਦੇ ਪਿੱਛੇ ਉਨ੍ਹਾਂ ਦੇ ਆਪਣੇ ਕੀਤੇ ਕੰਮ ਦੀ ਰਾਖੀ ਦੇ ਸੰਘਰਸ਼ਾਂ ਦਾ ਲੰਮਾ ਇਤਿਹਾਸ ਹੈ ਜੋ ਲਗਾਤਾਰ ਅਜੇ ਵੀ ਚੱਲ ਰਿਹਾ ਹੈ ਅਤੇ ਇਹ ਘੋਲ ਚੱਲਦਾ ਰਹੇਗਾ ਜਦੋਂ ਤੱਕ ਕੰਮ ਕਰਨ ਵਾਲੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਕੇ ਸੁਖ ਦੀ ਰੋਟੀ ਨਾ ਖਾਣ ਲੱਗ ਪੈਣ. ਜਦੋਂ ਤੱਕ ਹਰ ਪੱਖੋਂ ਸਮਾਨਤਾ£ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਨਹੀਂ ਹੋ ਜਾਂਦੀ. ਗੱਲ ਬਹੁਤ ਪੁਰਾਣੀ ਨਹੀਂ, ਸਵਾ ਕੁ ਸਦੀ ਪੁਰਾਣੀ ਹੈ ਕਿ ਮਜਦੂਰਾਂ ਨੂੰ ਸਿਰਫ ਕੰਮ ਕਰਨ ਜੋਗੇ ਹੀ ਸਮਝਿਆ ਜਾਂਦਾ ਸੀ. ਉਨ੍ਹਾਂ ਦੇ ਜੀਵਨ ਅਤੇ ਖਾਹਿਸ਼ਾਂ ਦਾ ਕਿਸੇ ਨੂੰ ਕੋਈ ਫਿਕਰ ਨਹੀਂ ਸੀ. ਅਠਾਰਾਂ.:.ਵੀਹ ਘੰਟੇ ਰੋਜ਼ਾਨਾ ਕੰਮ ਕਰਨਾ ਬਹੁਤ ਸਾਰਿਆਂ ਦਾ ਨਸੀਬ ਬਣ ਚੁੱਕਾ ਸੀ. ਖਾਣ.:.ਪੀਣ, ਸੌਣ.:.ਪੈਣ, ਅਰਾਮ ਜਾਂ ਜ਼ਿੰਦਗੀ ਜੀਊਣ ਜੋਗਾ ਸਮਾਂ ਹੀ ਕੌਣ ਦਿੰਦਾ ਸੀ ਉਨ੍ਹਾਂ ਨੂੰ . ਜਦੋਂ ਪਾਣੀ ਗਲ਼ੋਂ ਉੱਪਰ ਚਲਾ ਜਾਵੇ ਤਾਂ ਮਨੁੱਖ ਜੀਊਣ ਲਈ ਚਾਰਾ ਕਰਦਾ ਹੈ. ਮਜ਼ਦੂਰਾਂ ਦੀ ਅਜਿਹੀ ਸਥਿਤੀ ਦੇ ਸਬੰਧ ਵਿਚ ਮਾਈਕਲ ਸ਼ਾਅਦ ਦੇ ਸ਼ਬਦ ਚੇਤੇ ਕਰਨੇ ਚਾਹੀਦੇ ਹਨ ਲੱਖਾਂ ਮਜ਼ਦੂਰ ਭੁੱਖੇ ਮਰ ਰਹੇ ਹਨ ਤੇ ਉਹ ਅਵਾਰਾਗਰਦਾਂ ਵਰਗਾ ਜੀਵਨ ਬਤੀਤ ਕਰ ਰਹੇ ਹਨ. ਅਜਿਹੀ ਸਥਿਤੀ ਵਿਚ ਸਭ ਤੋਂ ਜ਼ਾਹਿਲ ਉਜਰਤੀ ਗੁਲਾਮ ਵੀ ਸੋਚਣਾ ਸ਼ੁਰੂ ਕਰ ਦਿੰਦਾ ਹੈ. ਸਾਂਝੀ ਮੁਸੀਬਤ ਉਨ੍ਹਾਂ ਨੂੰ ਸਪਸ਼ਟ ਕਰ ਦਿੰਦੀ ਹੈ ਕਿ ਉਹ ਹਰ ਹੀਲੇ ਇਕੱਠੇ ਹੋਣ ਤੇ ਉਹ ਹੋ ਜਾਂਦੇ ਹਨ. ਇਹ ਸੀ ਉਦੋਂ ਦੇ ਵੇਲਿਆਂ ਦੀ ਮਜ਼ਦੂਰਾਂ ਦੀ ਸਥਿਤੀ ਅਤੇ ਜਾਗ੍ਰਿਤ ਮਜਦੂਰਾਂ ਅੰਦਰ ਨਵੀਂ ਪਣਪ ਰਹੀ ਸੋਚ. ਜਦੋਂ ਸਰਮਾਏਦਾਰਾਂ ਨੇ ਮਜਦੂਰਾਂ ਉੱਤੇ ਅਸਹਿ ਅਤੇ ਅਕਹਿ ਜੁਲਮ ਢਾਹੁਣੇ ਜਾਰੀ ਰੱਖੇ ਤਾਂ ਕਾਮਿਆਂ ਨੇ ਛੋਟੇ ਛੋਟੇ ਗਰੁੱਪਾਂ ਰਾਹੀਂ ਸੋਚਣਾ ਸ਼ੁਰੂ ਕੀਤਾ ਕਿ ਅਜਿਹੀ ਜਾਲਮ ਸਥਿਤੀ ਵਿਚ ਜੀਊਣ ਦਾ ਸਬੱਬ ਕਿਵੇਂ ਬਣੇ, ਕਿਵੇਂ ਉਹ ਆਪਣੇ ਬਾਲ.:.ਬੱਚੇ ਪਾਲਣ, ਆਦਿ . ਕੁਦਰਤੀ ਹੀ ਉਨ੍ਹਾਂ ਨੇ ਆਪਣੇ ਕਦਮ ਮਜ਼ਦੂਰ ਏਕੇ ਵੱਲ ਵਧਾਏ. 1881 ਵਾਲੇ ਦਹਾਕੇ ਵਿਚ ਮਜ਼ਦੂਰਾਂ ਨੇ ਆਪਣੇ ਆਪ ਨੂੰ 12 ਘੰਟੇ ਦੀ ਕੰਮ ਦਿਹਾੜੀ ਨੂੰ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਦੁਆਲ਼ੇ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ, ਉਂਜ ਭਾਵੇਂ ਇਹ ਮੰਗ 1866 ਤੋਂ ਉੱਠੀ ਸੀ ਜਿਸ ਦਾ ਲਗਾਤਾਰ ਪ੍ਰਚਾਰ ਹੁੰਦਾ ਰਿਹਾ. 1885 ਤੱਕ 8 ਘੰਟੇ ਕੰਮ ਦੀ ਦਿਹਾੜੀ ਵਾਲੀ ਮੰਗ ਹਰ ਕਿਸੇ ਦੀ ਜ਼ੁਬਾਨ ’ਤੇ ਚੜ੍ਹ ਗਈ ਸੀ ਤੇ ਜਨਤਕ ਰੂਪ ਧਾਰ ਗਈ ਸੀ. ਅਮਰੀਕਾ ਦੇ ਸਾਰੇ ਵੱਡੇ ਸਨਅਤੀ ਕੇਂਦਰਾਂ ਵਿਚ ਮੁਜ਼ਾਹਰੇ ਹੋਏ. ਫੇਰ 1886 ਦੇ ਸ਼ੁਰੂ ਤੋਂ ਹੀ ਅਮਰੀਕਾ ਦੇ ਇਕ ਸਿਰੇ ਤੋਂ ਦੂਜੇ ਸਿਰੇ ਭਾਵ ਨਿਊਯਾਰਕ ਤੋਂ ਸਾਨਫਰਾਂਸਿਸਕੋ ਤੱਕ ਆਮ ਮੁਜਾਹਰੇ ਹੋਏ ਪਰ ਚੱਲ ਰਹੇ ਸੰਘਰਸ਼ ਦਾ ਕੇਂਦਰ ਸ਼ਹਿਰ ਸ਼ਿਕਾਗੋ ਸੀ. ਪਹਿਲੀ ਮਈ 1886 ਨੂੰ ਸ਼ਿਕਾਗੋ ਦੀ ਹੇਅ ਮਾਰਕੀਟ ਦੇ ਦੁਆਲੇ ਕਾਮੇ ਇਕੱਠੇ ਹੋਏ. ਇਸ ਦਿਨ 80 ਹਜ਼ਾਰ ਮਜ਼ਦੂਰਾਂ ਨੇ ਆਪਣੀਆਂ ਮੰਗਾਂ ਦੇ ਨਾਅਰਿਆਂ ਨਾਲ ਸ਼ਹਿਰ ਦੀਆਂ ਸੜਕਾਂ ਗੂੰਜਣ ਲਾ ਦਿੱਤੀਆਂ. ਇਹ ਮੁਜ਼ਾਹਰੇ ਅਗਲੇ ਦੋ ਦਿਨ ਵੀ ਜਾਰੀ ਰਹੇ ਪਰ ਤਿੰਨ ਮਈ ਨੂੰ ਪੁਲੀਸ ਨੇ ਬਿਨਾਂ ਕਿਸੇ ਭੜਕਾਹਟ ਦੇ ਅਤੇ ਬਿਨਾਂ ਕਿਸੇ ਵਾਰਨਿੰਗ ਤੋਂ ਹੱਕ ਮੰਗਦੇ ਨਿਹੱਥੇ ਮਜਦੂਰਾਂ ’ਤੇ ਗੋਲੀ ਚਲਾ ਦਿੱਤੀ ਜਿਸ ਨਾਲ 6 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 50 ਤੋਂ ਵੱਧ ਜਖ਼ਮੀ ਹੋ ਗਏ. 4 ਮਈ ਨੂੰ ਪੁਲੀਸ ਵਲੋਂ ਹੋਏ ਇਸ ਵਹਿਸ਼ੀ ਜਬਰ ਦੇ ਖਿਲਾਫ ਸ਼ਹਿਰ ਦੇ ਕੇਂਦਰੀ ਚੌਕ ਵਿਚ ਰੈਲੀ ਹੋਈ. ਇਸ ਰੈਲੀ ਵਿਚ ਕਿਸੇ ਹੜਤਾਲ ਤੋੜਨ ਵਾਲੇ ਸਰਕਾਰੀ ਏਜੰਟ ਨੇ ਭੜਕਾਹਟ ਪੈਦਾ ਕਰਨ ਵਾਸਤੇ ਬੰਬ ਸੁੱਟ ਦਿੱਤਾ. ਇਕ ਪੁਲਿਸ ਵਾਲਾ ਮਾਰਿਆ ਗਿਆ ਤੇ ਪੰਜ ਹੋਰ ਵਿਅਕਤੀ ਜ਼ਖ਼ਮੀ ਹੋ ਗਏ. ਸਰਕਾਰ ਨੇ ਮੌਕਾ ਤਾੜ ਕੇ ਮਜਦੂਰਾਂ ਉੱਤੇ ਅੰਨ੍ਹਾ ਤਸ਼ੱਦਦ ਕੀਤਾ ਅਤੇ ਬਹੁਤ ਸਾਰੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ. ਆਖਰ ਝੂਠੇ ਤੇ ਬੇਈਮਾਨ ਸਰਕਾਰੀ ਅਧਿਕਾਰੀਆਂ ਨੇ ਕਾਲੇ ਦਿਲਾਂ ਵਾਲੇ ਭਾੜੇ ਦੇ ਟੱਟੂ ਪੈਸੇ ਨਾਲ ਖਰੀਦ ਕੇ ਇੰਨ੍ਹਾਂ ਪੁਲਿਸ ਟਾਊਟਾਂ ਨੂੰ ਮਜ਼ਦੂਰਾਂ ਵਿਰੁੱਧ ਗਵਾਹਾਂ ਦੇ ਰੂਪ ਵਿੱਚ ਪੇਸ਼ ਕਰਕੇ ਘੜੇ ਘੜਾਏ ਫਤਵਿਆਂ ਰਾਹੀਂ ਬਿਨਾਂ ਦੋਸ਼ੀ ਸਾਬਤ ਹੋਇਆਂ 7 ਬੇਕਸੂਰ ਮਜਦੂਰ ਆਗੂਆਂ ਨੂੰ ਫਾਂਸੀ ਦੀਆਂ ਸਜਾਵਾਂ ਸੁਣਾਈਆਂ. ਇਹ ਆਗੂ ਸਨ .:. ਆਗਸਤ ਸਪਾਈਜ਼, ਸੈਮੂਅਲ ਫੀਲਡਨ, ਅਲਬਰਟ ਪਾਰਸਨਜ਼, ਮਾਈਕਲ ਸ਼ਵਾਬ, ਲੂਈ ਕਿੰਗ, ਅਡੌਲਫ ਫਿਸ਼ਰ ਅਤੇ ਜਾਰਜ ਐਂਗਲ. ਇਕ ਹੋਰ ਆਗੂ ਆਸਕਰ ਨੀਬੇ, ਨੂੰ ਕੁੱਝ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ. ਪਿੱਛੋਂ ਫੀਲਡਜ਼ ਅਤੇ ਸ਼ਾਅਬ ਦੀਆਂ ਮੌਤ ਦੀਆਂ ਸਜ਼ਾਵਾਂ ਨੂੰ ਹੀ ਉਮਰ ਕੈਦ ਵਿਚ ਬਦਲਿਆ ਗਿਆ. ਲੂਈ ਕਿੰਗ ਦੀ ਜੇਲ੍ਹ ਵਿਚ ਹੀ ਮੌਤ ਹੋ ਗਈ ਸੀ. 11 ਨਵੰਬਰ 1887 ਨੂੰ ਅਲਬਰਟ ਪਾਰਸਨ, ਔਗਸਤ ਸਪਾਈਸ, ਜਾਰਜ ਏਂਜਲ ਅਤੇ ਅਡੋਲਫ ਫਿਸ਼ਰ ਨੂੰ ਫਾਂਸੀ ’ਤੇ ਲਟਕਾ ਦਿੱਤਾ ਗਿਆ. ਉਨ੍ਹਾਂ ਸੂਰਮਿਆਂ ਨੇ ਆਪਣੀਆਂ ਜਾਨਾਂ ਆਪਣੇ ਲੋਕਾਂ ਅਤੇ ਆਪਣੇ ਕਾਜ਼ ਨੂੰ ਭੇਟ ਕਰ ਦਿੱਤੀਆਂ. ਸਰਬ ਸਾਂਝੇ ਆਦਰਸ਼ ਨੂੰ ਪ੍ਰਣਾਏ ਹੋਏ ਦੂਜਿਆਂ ਵਾਸਤੇ ਜਾਨਾਂ ਵਾਰਨ ਵਾਲੇ ਰਹਿੰਦੀ ਦੁਨੀਆਂ ਤੱਕ ਯਾਦ ਰਹਿਣਗੇ. ਯਾਦ ਰਹਿਣਗੇ ਫਾਂਸੀ ਦੇ ਤਖ਼ਤੇ ਵੱਲ ਵਧਦਿਆਂ ਸਪਾਈਜ਼ ਦੇ ਕਹੇ ਅੰਤਮ ਸ਼ਬਦ ਵੀ ਕਿ ਇਕ ਸਮਾਂ ਆਵੇਗਾ, ਜਦੋਂ ਸਾਡੀ ਚੁੱਪ, ਸਾਡੇ ਸ਼ਬਦਾਂ ਨਾਲੋਂ ਵੀ ਵੱਧ ਬੋਲੇਗੀ. ਉਹ ਚੁੱਪ ਅੱਜ ਬੋਲਦੀ ਹੈ.

ਦੂਜੀ ਕੌਮਾਂਤਰੀ ਕਾਂਗਰਸ ਨੇ 1889 ਵਿਚ ਪਹਿਲੀ ਮਈ ਨੂੰ ਮਜਦੂਰਾਂ ਦੇ ਇਕਮੁੱਠਤਾ ਦਿਵਸ ਦੇ ਤੌਰ ’ਤੇ ਮਨਾਉਣ ਦਾ ਫੈਸਲਾ ਲਿਆ.1890 ਤੋਂ ਪਹਿਲੀ ਮਈ ਦਾ ਦਿਹਾੜਾ ਸ਼ਹੀਦਾਂ ਦੀ ਯਾਦ ਵਜੋਂ ਸੰਸਾਰ ਪੱਧਰ ’ਤੇ ਮਨਾਇਆ ਜਾਂਦਾ ਹੈ ਜੋ ਮਜਦੂਰਾਂ ਦੀ ਕੌਮਾਂਤਰੀ ਸਾਂਝ ਨੂੰ ਤਕੜਿਆ ਕਰਦਾ ਹੈ. ਦੁਨੀਆਂ ਭਰ ਵਿਚ ਇਕ.:.ਦੋ ਦੇਸ਼ਾਂ ਨੂੰ ਛੱਡ ਕੇ ਇਸ ਦਿਨ ਸਰਕਾਰੀ ਛੁੱਟੀ ਹੁੰਦੀ ਹੈ. ਹਰ ਥਾਵੇਂ ਲੋਕ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕਰਦੇ ਹਨ. ਭਾਰਤ ਵਿੱਚ ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਤਾਮਿਲਨਾਡੂ ਦੀ ਰਾਜਧਾਨੀ ਚੇਨੰਈ ਵਿੱਚ 1923 ਨੂੰ ਹੋਈ ਸੀ . ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਕਾਵੇਲੂ ਚੇਟਯਾਰ ਨੇ ਕੀਤੀ ਸੀ . ਭਾਰਤ ਸਮੇਤ ਦੁਨੀਆਂ ਦੇ ਕਰੀਬ 80 ਦੇਸ਼ਾਂ ਵਿੱਚ ਮਜ਼ਦੂਰ ਦਿਵਸ ਨੂੰ ਰਾਸ਼ਟਰੀ ਛੁੱਟੀ ਦੇ ਰੂਪ ਵਿੱਚ ਮਨਾਇਆ ਜਾਣ ਲੱਗਿਆ . ਇਹ ਸਭ ਕਾਮਯਾਬੀ ਤਗੜੇ ਦਿਲ ਰੱਖਿਆਂ ਅਤੇ ਮਜ਼ਦੂਰ ਆਗੂਆਂ ਵੱਲੋਂ ਹੌਸਲੇ ਨਾ ਛੱਡਣ ਕਾਰਨ ਹੀ ਹੋਈ . ਜਿਸ ਬਾਰੇ ਇੱਕ ਕਵੀ ਦੇ ਬੋਲ ਹਨ ਕਿ : ੋ ਪੈਰਾਂ ਦੇ ਵਿੱਚ ਛਾਲੇ ਪੈ ਗਏ, ਸਾਡੇ ਪੈਂਡੇ ਬੜੇ ਲਮੇਰੇ . ਫਿਰ ਵੀ ਆਪਾਂ ਦਿਲ ਨਾ ਛੱਡਿਆ ਸਾਡੇ ਤਗੜੇ ਵੇਖੋ ਜੇਰੇ .ੋ

ਪਰ ਅੱਜ ਪਹਿਲਿਆਂ ਸਮਿਆਂ ਨਾਲੋਂ ਸੰਸਾਰ ਸਥਿਤੀ ਹੀ ਨਹੀਂ ਮਜਦੂਰਾਂ ਦੀ ਹਾਲਤ ਵੀ ਬਦਲੀ ਹੈ ਅਤੇ ਇੱਥੇ ਸਰਮਾਏਦਾਰੀ ਦੇ ਖਾਸੇ ਬਾਰੇ ਦੁਨੀਆਂ ਦੇ ਮਹਾਨ ਚਿੰਤਕ ਕਾਰਲ ਮਾਰਕਸ ਦੇ ਵਿਚਾਰ ਚੇਤੇ ਕਰਨੇ ਬਹੁਤ ਸਾਰਥਕ ਹਨ. ਮਾਰਕਸ ਨੇ ਲਿਖਿਆ ਸੀ:

ਸਰਮਾਏਦਾਰੀ ਜਿੱਥੇ ਵੀ ਹੋਂਦ ਵਿਚ ਆਈ ਹੈ ਉੱਥੇ ਹੀ ਇਸ ਨੇ ਜਗੀਰੂ, ਪਿਤਾ.:.ਪੁਰਖੀ ਅਤੇ ਆਦਰਸ਼ਕ ਪੇਂਡੂ ਰਿਸ਼ਤਿਆਂ ਨੂੰ ਤਬਾਹ ਕਰ ਦਿੱਤਾ ਹੈ. ਇਸ ਨੇ ਬੜੀ ਬੇਰਹਿਮੀ ਨਾਲ ਮਨੁੱਖ ਨੂੰ ਆਪਣੇ ਕੁਦਰਤੀ ਵਡੇਰਿਆਂ ਨਾਲ ਜੋੜਨ ਵਾਲੀਆਂ ਜਗੀਰੂ ਤੰਦਾਂ ਨੂੰ ਤਾਰ.:.ਤਾਰ ਕਰ ਦਿੱਤਾ ਹੈ. ਇਸ ਨੇ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਨੂੰ ਨੰਗੇ ਚਿੱਟੇ ਸੁਆਰਥ ਅਤੇ ਪੈਸੇ ਦੀ ਕਦੇ ਨਾ ਪੂਰੀ ਹੋਣ ਵਾਲੀ ਭੁੱਖ ਉੱਤੇ ਨਿਰਭਰ ਕਰ ਦਿੱਤਾ ਹੈ ਭਾਵ ਮਨੁੱਖ ਨੂੰ ਘੋਰ ਸੁਆਰਥੀ ਬਣਾ ਦਿੱਤਾ ਹੈ ਅਤੇ ਪੈਸੇ ਲਈ ਹੜਬਾ ਦਿੱਤਾ ਹੈ . ਬੜੀ ਮਹਿੰਗੀ ਕੀਮਤ ਤਾਰ ਕੇ ਪ੍ਰਾਪਤ ਕੀਤੀਆਂ ਮਨੁੱਖੀ ਅਜ਼ਾਦੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ . ਸਰਮਾਏਦਾਰੀ ਨੇ ਹੁਣ ਤੱਕ ਨੇਕ ਸਮਝੇ ਜਾਂਦੇ ਅਨੇਕ ਕਿੱਤਿਆਂ ਦੀ ਪਵਿੱਤਰਤਾ ਨੂੰ ਖਤਮ ਕਰ ਦਿੱਤਾ ਹੈ. ਪੁਜਾਰੀ, ਕਵੀ (ਸਾਹਿਤਕਾਰ), ਸਾਇੰਸਦਾਨ, ਡਾਕਟਰ, ਵਕੀਲ ਆਦਿ ਧਨ ਕਮਾਉਣ ਦੀਆਂ ਮਸ਼ੀਨਾਂ ਬਣ ਗਏ ਹਨ. ਸਰਮਾਏਦਾਰੀ ਨੇ ਮਨੁੱਖੀ ਰਿਸ਼ਤਿਆਂ ਵਿੱਚੋਂ ਮਨੁੱਖੀ ਜਜ਼ਬਿਆਂ ਨੂੰ ਖਤਮ ਕਰਕੇ ਇਨ੍ਹਾਂ ਰਿਸ਼ਤਿਆਂ ਨੂੰ ਸਿਰਫ ਤੇ ਸਿਰਫ ਮਾਇਕ ਰਿਸ਼ਤਿਆਂ ਤੱਕ ਸੀਮਤ ਕਰ ਦਿੱਤਾ ਹੈ।


**ਦੇਸੀ ਟਾਈਮਜ਼**

Head Office :
424 Bourbonnais
LaSalle, QC H8R 2Z1

Tel : 514-827-2929
Fax : 514-363-0957

| | | |
|---|---|---|
| Publisher | : | Manjeet Singh Athwal |
| Managing Director | : | Manpreet Singh |
| Editor-in-Chief | : | Amarjit singh |
| Office Admin | : | Satnam Singh |
| Design by | : | |
| Videographer | : | Navjeet Sharma |
| Photographer | : | Paul Awasthi, Nirmal Bal GKB Media |
| Arts Critic | : | Wendy Rockburn |
| Free Lance Reporter | : | Joanne Penhale |

Email : singhatthwal@gmail.com smanjeet@sympatico.ca



## Publishers Note

Desi Times and people associated with it are not responsible for any claims made by the advertisers or endorse any of their products or service advertised within. The views expressed in the Desi Times don not necessarily reflect the views of the publisher and editor. Desi Times is in the business of selling space but does not test or confirm the legilmacy of the claim made in the paper. Desi Times dones promote a healthy forum for discussion of a myriad of views in peaceful civilized manner while trying to dissuade any form of discrimination and abuse.

Contribution to the growth of the paper is most appreciated and sponsors and advertisers are trained for their support. We would like to thanks all the well wishers and supporters of Desi Times for making this endeavor possible. Let us be proud of our roots, humble in our temperament and rigorous in our efforts to attain greatness in our achievements

# ਸ਼ੈਨਗਨ ਵੀਜ਼ਾ: ਭਾਰਤੀਆਂ ਲਈ ਵੱਡਾ ਫ਼ੈਸਲਾ, ਹੁਣ ਯੂਰੂਪ ਜਾਣ ਲਈ ਵਾਰ-ਵਾਰ ਵੀਜ਼ਾ ਲੈਣ ਦੀ ਲੋੜ ਨਹੀਂ



ਯੂਰਪ ਦੇ ਸ਼ੈਨਗਨ ਦੇਸਾਂ ਨੇ ਖ਼ਾਸ ਭਾਰਤੀਆਂ ਲਈ ਇੱਕ ਰਿਆਇਤੀ ਸਕੀਮ ਕੱਢੀ ਹੈ। ਇਸ ਤਹਿਤ ਇੱਕ ਵਾਰ ਵੀਜ਼ਾ ਮਿਲ ਜਾਣ ਤੋਂ ਬਾਅਦ ਤੁਸੀਂ ਕਈ ਵਾਰ ਯੂਰਪ ਜਾ ਸਕਦੇ ਹੋ ਅਤੇ ਤੁਹਾਨੂੰ ਵਾਰ-ਵਾਰ ਵੀਜ਼ਾ ਅਪਲਾਈ ਕਰਨ ਦੀ ਲੋੜ ਨਹੀਂ ਹੋਵੇਗੀ। ਯੂਰਪੀਅਨ ਯੂਨੀਅਨ ਨੇ ਹਾਲ ਹੀ ’ਚ ਆਪਣੇ ਸ਼ੈਨਗਨ ਵੀਜ਼ਾ ਨਿਯਮਾਂ ’ਚ ਬਦਲਾਅ ਕੀਤਾ ਹੈ। ਜਿਸ ਨਾਲ ਭਾਰਤ ਵਾਸੀਆਂ ਨੂੰ ਕਾਫ਼ੀ ਫ਼ਾਇਦਾ ਹੋਵੇਗਾ। ਨਿਯਮਾਂ ’ਚ ਬਦਲਾਅ ਨਾਲ ਕਾਰੋਬਾਰੀ ਸਿਲਸਿਲੇ ਵਿੱਚ ਲਗਾਤਾਰ ਯੂਰਪ ਜਾਣ ਵਾਲੇ ਲੋਕਾਂ ਲਈ ਸੌਖ਼ ਹੋ ਜਾਵੇਗੀ।

**ਸ਼ੈਨਗਨ ਵੀਜ਼ਾ ਕੀ ਹੈ ?**

ਸ਼ੈਨਗੇਨ ਵੀਜ਼ਾ ਇੱਕ ਤਰ੍ਹਾਂ ਦਾ ਪਰਮਿਟ ਹੈ, ਜੋ ਗ਼ੈਰ-ਯੂਰਪੀ ਲੋਕਾਂ ਨੂੰ 29 ਯੂਰਪੀਅਨ ਦੇਸਾਂ ਵਿੱਚ ਘੁੰਮਣ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਇਹ ਵੀਜ਼ਾ ਵਿਦੇਸ਼ ’ਚ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਹੈ। ਇਸ ਵੀਜ਼ਾ ਦੀ ਮਾਨਤਾ ਜ਼ਿਆਦਾ ਤੋਂ ਜ਼ਿਆਦਾ 90 ਦਿਨਾਂ ਤੱਕ ਹੁੰਦੀ ਹੈ।

**ਨਿਯਮਾਂ ’ਚ ਕੀ ਆਏ ਬਦਲਾਅ**

18 ਅਪ੍ਰੈਲ 2024 ਨੂੰ ਯੂਰਪੀਅਨ ਕਮਿਸ਼ਨ ਨੇ ਭਾਰਤੀ ਨਾਗਰਿਕਾਂ ਲਈ ਮਲਟੀਪਲ ਐਂਟਰੀ ਵੀਜ਼ਾ ਜਾਰੀ ਕਰਨ ਲਈ ਨਵੇਂ ਨਿਯਮ ਲਿਆਂਦੇ ਹਨ। ਜੇਕਰ ਪਾਸਪੋਰਟ ਯੋਗ ਹੈ ਅਤੇ ਯਾਤਰਾ ਕਰਨ ਦਾ ਚੰਗਾ ਪ੍ਰੋਫ਼ਾਈਲ ਹੈ ਯਾਨੀ ਚੰਗੀ ਟ੍ਰੈਵਲ ਹਿਸਟਰੀ ਹੈ ਤਾਂ ਮਲਟੀ ਐਂਟਰੀ ਵੀਜ਼ਾ ਸੌਖਿਆਂ ਮਿਲ ਸਕਦਾ ਹੈ। ਜੇਕਰ ਪਿਛਲੇ ਤਿੰਨ ਸਾਲਾਂ ’ਚ ਕਾਨੂੰਨੀ ਤੌਰ ’ਤੇ ਦੋ ਵਾਰ ਵੀਜ਼ਾ ਦੀ ਵਰਤੋਂ ਕੀਤੀ ਗਈ ਹੋਵੇ ਤਾਂ, ਭਾਰਤੀ ਨਾਗਰਿਕਾਂ ਨੂੰ ਦੋ ਸਾਲਾਂ ਲਈ ਮਲਟੀ ਐਂਟਰੀ (ਵਾਰ-ਵਾਰ ਦਾਖ਼ਲੇ ਦੀ ਇਜਾਜ਼ਤ ਵਾਲਾ) ਸ਼ੈਨਗਨ ਵੀਜ਼ਾ ਮਿਲ ਸਕਦਾ ਹੈ।ਜੇਕਰ ਪਾਸਪੋਰਟ ਦੀ ਮਾਨਤਾ ਹਾਸਲ ਹੈ ਤਾਂ ਦੋ ਸਾਲ ਦੇ ਵੀਜ਼ਾ ਤੋਂ ਬਾਅਦ 5 ਸਾਲਾਂ ਦਾ ਵੀਜ਼ਾ ਵੀ ਦਿੱਤਾ ਜਾ ਸਕਦਾ ਹੈ।ਵੀਜ਼ਾ ਦੀ ਮਾਨਤਾ ਜਦੋਂ ਤੱਕ ਹੋਵੇਗੀ, ਉਦੋਂ ਤੱਕ ਵੀਜ਼ਾ ਧਾਰਕਾਂ ਨੂੰ ਵੀਜ਼ਾ-ਫ੍ਰੀ ਨਾਗਰਿਕਾਂ ਵਾਂਗ ਹੀ ਯਾਤਰਾ ਦੇ ਅਧਿਕਾਰ ਮਿਲਣਗੇ।ਯੂਰਪੀਅਨ ਯੂਨੀਅਨ ਵੱਲੋਂ ਜਾਰੀ ਪ੍ਰੈਸ ਰਿਲੀਜ਼ ਦੇ ਮੁਤਾਬਕ, ਨਵੇਂ ਨਿਯਮ ‘ਈਯੂ-ਭਾਰਤ ਕਾਮਨ ਏਜੰਡਾ’ ਦੇ ਤਹਿਤ ਪਰਵਾਸ ਸੰਬੰਧੀ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ ਲਿਆਂਦੇ ਗਏ ਹਨ। ਯੂਰਪੀਅਨ ਸੰਘ ਲਈ ਭਾਰਤ ਕਾਫ਼ੀ ਅਹਿਮ ਹੈ।

**ਕਿਹੜੇ ਦੇਸ਼ ਹਨ ਸ਼ਾਮਲ**

ਹਰ 180 ਦਿਨਾਂ ਦੇ ਸਮੇਂ ਵਿੱਚ ਵੀਜ਼ਾ ਧਾਰਕ ਵੱਧ ਤੋਂ ਵੱਧ 90 ਦਿਨਾਂ ਲਈ ਸ਼ੈਨਗਨ ਦੇਸ਼ਾਂ ’ਚ ਯਾਤਰਾ ਕਰ ਸਕਦਾ ਹੈ। ਸ਼ੈਨਗਨ ਏਰੀਆ ਵਿੱਚ 29 ਯੁਰਪੀਅਨ ਦੇਸ਼ ਸ਼ਾਮਲ ਹਨ। ਇਨ੍ਹਾਂ ਵਿੱਚ ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਚੈੱਕ ਰਿਪਬਲਿਕ, ਡੈਨਮਾਰਕ, ਜਰਮਨੀ, ਐਸਟੋਨੀਆ, ਗ੍ਰੀਸ, ਸਪੇਨ, ਫਰਾਂਸ, ਇਟਲੀ, ਲਾਤਵੀਆ, ਲਿਥੁਆਨੀਆ, ਲਕਜ਼ਮਬਰਗ, ਹੰਗਰੀ, ਮਾਲਟਾ, ਨੀਦਰਲੈਂਡ, ਆਸਟਰੀਆ, ਪੋਲੈਂਡ, ਪੁਰਤਗਾਲ, ਰੋਮਾਨੀਆ, ਸਲੋਵੇਨੀਆ, ਸਲੋਵਾਕੀਆ, ਫਿਨਲੈਂਡ ਅਤੇ ਸਵੀਡਨ ਦੇ ਨਾਲ-ਨਾਲ ਆਈਸਲੈਂਡ, ਲਿਕਟਨਸਟਾਈਨ, ਨੌਰਵੇ ਅਤੇ ਸਵਿਟਜ਼ਰਲੈਂਡ ਸ਼ਾਮਲ ਹਨ।

**ਆਸਟ੍ਰੇਲੀਆ ਨੇ ਗੋਲਡਨ ਵੀਜ਼ਾ ਬੰਦ ਕਰ ਦਿੱਤੀ ਸੀ**

ਆਸਟਰੇਲੀਆ ਦੇ ਸਰਕਾਰ ਨੇ ਇਸੇ ਸਾਲ ਜਨਵਰੀ ਮਹੀਨੇ ਵਿੱਚ ਗੋਲਡਨ ਵੀਜ਼ਾ ਦੀ ਸਹੂਲਤ ਬੰਦ ਕਰਨ ਦਾ ਐਲਾਨ ਕੀਤਾ ਸੀ।ਇਸ ਵੀਜ਼ਾ ਦਾ ਮਨੋਰਥ ਵਿਦੇਸ਼ੀ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨਾ ਸੀ, ਪਰ ਸਰਕਾਰ ਦੇ ਸਾਹਮਣੇ ਇਹ ਆਇਆ ਕਿ ਇਸ ਦਾ ਬਹੁਤਾ ਆਰਥਿਕ ਫਾਇਦਾ ਨਹੀਂ ਹੋਇਆ। ਜ਼ਿਕਰਯੋਗ ਹੈ ਕਿ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਗੋਲਡਨ ਵੀਜ਼ਾ ਵਰਗੇ ਵੀਜ਼ਾ ਦਿੱਤੇ ਜਾਂਦੇ ਹਨ ਤਾਂ ਜੋ ਨਿਵੇਸ਼ਕ ਉਨ੍ਹਾਂ ਦੇ ਦੇਸ਼ ਦੀ ਨਾਗਰਿਕਤਾ ਲੈਣ ਲਈ ਵੱਡੇ ਪੱਧਰ ਪੈਸੇ ਲਗਾਉਣ। ਇਸ ਦਾ ਮੰਤਵ ਉਨ੍ਹਾਂ ਦੇ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨਾ ਹੁੰਦਾ ਹੈ। ਇਨ੍ਹਾਂ ਵਿੱਚੋਂ ਇੱਕ ਹੈ ਗੋਲਡਨ ਵੀਜ਼ਾ। ਇਸ ਵੀਜ਼ਾ ਲਈ ਵੱਖ-ਵੱਖ ਦੇਸ਼ਾਂ ਦੇ ਆਪਣੇ ਨਿਯਮ ਹੁੰਦੇ ਹਨ। ‘ਇਨਵੈਸਟੋਪੀਡੀਆ’ ਦੀ ਵੈੱਬਸਾਈਟ ਮੁਤਾਬਕ, ਗੋਲਡਨ ਵੀਜ਼ਾ ਇੱਕ ਤਰ੍ਹਾਂ ਦਾ ਇਨਵੈਸਟਮੇਂਟ ਪ੍ਰੋਗਰਾਮ ਹੁੰਦਾ ਹੈ ਜੋ ਕਿ ਨਿਵੇਸ਼ਕ ਲਈ ਕਿਸੇ ਦੇਸ਼ ’ਚ ਵੱਡਾ ਨਿਵੇਸ਼ ਕਰਕੇ ਆਪਣੇ ਪਰਿਵਾਰ ਸਣੇ ਨਾਗਰਿਕਤਾ ਜਾਂ ਪੀਆਰ ਹਾਸਲ ਕਰਨ ਦਾ ਰਾਹ ਖੋਲ੍ਹਦਾ ਹੈ।

**ਨਿਊਜ਼ੀਲੈਂਡ ਵਲੋਂ ਪਰਵਾਸੀਆਂ ’ਤੇ ਕੀਤੀ ਗਈ ਸਖ਼ਤੀ**

ਇਸੇ ਸਾਲ ਅਪ੍ਰੈਲ ਮਹੀਨੇ ਨਿਊਜ਼ੀਲੈਂਡ ਦੀ ਸਰਕਾਰ ਨੇ ਆਪਣੇ ਵਰਕ ਵੀਜ਼ਾ ਨਿਯਮਾਂ ਵਿੱਚ ਹੋਰ ਸਖ਼ਤਾਈ ਕਰ ਦਿੱਤੀ ਸੀ। ਸਰਕਾਰ ਮੁਤਾਬਕ ਇਹ ਸਖ਼ਤਾਈ ਇਸ ਲਈ ਕੀਤੀ ਜਾ ਰਹੀ ਹੈ ਕਿਉਂਕਿ ਮੁਲਕ ਵਿੱਚ ਪ੍ਰਵਾਸ ‘ਗ਼ੈਰ-ਹੰਢਣਸਾਰ’ ਪੱਧਰ ਤੱਕ ਪਹੁੰਚ ਗਿਆ ਹੈ। ਘੱਟ ਹੁਨਰਮੰਦ ਬਿਨੈਕਾਰਾਂ ਲਈ ਹੁਣ ਇਹ ਜ਼ਰੂਰੀ ਹੋਵੇਗਾ ਕਿ ਉਹ ਅੰਗਰੇਜ਼ੀ ਭਾਸ਼ਾ ਦੀ ਯੋਗਤਾ ਪੂਰੀ ਕਰਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਦੇਸ਼ ਵਿੱਚ ਸਿਰਫ਼ ਤਿੰਨ ਸਾਲਾਂ ਤੱਕ ਹੀ ਰਹਿਣ ਦਿੱਤਾ ਜਾਵੇਗਾ ਜਦਕਿ ਪਹਿਲਾਂ ਉਹ ਪੰਜ ਸਾਲਾਂ ਤੱਕ ਰਹਿ ਸਕਦੇ ਸਨ।

## ਕੈਨੇਡਾ ਦੀ ਕੌਮਾਂਤਰੀ ਵਿਦਿਆਰਥੀਆ ਬਾਰੇ ਨੀਤੀ

ਵੱਡੀ ਗਿਣਤੀ ਭਾਰਤੀ ਵਿਦਿਆਰਥੀ ਕੈਨੇਡਾ ਪੜ੍ਹਾਈ ਲਈ ਜਾਂਦੇ ਹਨ ਅਤੇ ਉੱਥੇ ਹੀ ਸਥਾਈ ਨਾਗਰਿਕਤਾ ਲੈ ਲੈਂਦੇ ਹਨ। ਪਰ ਹਾਲ ਹੀ ਵਿੱਚ ਕੈਨੇਡਾ ਸਰਕਾਰ ਵਲੋਂ ਕੌਮਾਂਤਰੀ ਵਿਦਿਆਰਥੀਆਂ ਲਈ ਨਿਯਮ ਬਦਲੇ ਗਏ। ਇਤਿਹਾਸ ਵਿੱਚ ਕੈਨੇਡਾ ਪਹਿਲੀ ਵਾਰ ਨਵੇਂ ਦਾਖਲ ਹੋਣ ਵਾਲੇ ਲੋਕਾਂ ਲਈ ਅਸਥਾਈ ਨਾਗਰਿਕਾਂ (TR) ਦੀ ਸੀਮਾ ਤੈਅ ਕਰਨ ਬਾਰੇ ਸੋਚਿਆ। ਪਰਵਾਸ ਮੰਤਰੀ ਮਾਰਕ ਮਿਲਰ ਨੇ ਇਸੇ ਸਾਲ ਮਾਰਚ ਮਹੀਨੇ ਦੱਸਿਆ ਕਿ ਇਹ ਸੰਖਿਆ ਆਉਣ ਵਾਲੇ ਤਿੰਨ ਸਾਲਾਂ ਦੌਰਾਨ ਘਟਾਈ ਜਾਵੇਗੀ। ਜਦਕਿ ਇਸ ਦੀ ਪਹਿਲ ਸਤੰਬਰ ਮਹੀਨੇ ਤੋਂ ਕੀਤੀ ਜਾਵੇਗੀ। ਇਹ ਹੱਦ ਕੌਮਾਂਤਰੀ ਵਿਦਿਆਰਥੀਆਂ, ਵਿਦੇਸ਼ੀ ਵਰਕਰਾਂ ਅਤੇ ਸ਼ਰਣਾਰਥੀਆਂ ਉੱਪਰ ਵੀ ਲਾਗੂ ਹੋਵੇਗੀ। ਮੰਤਰੀ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਕੈਨੇਡਾ ਵਿੱਚ ਵਧ ਰਹੀ ਮਹਿੰਗਾਈ ਅਤੇ ਰਿਹਾਇਸ਼ ਦੇ ਸੰਕਟ ਦੇ ਕਾਰਨ ਕੈਨੇਡਾ ਵਿੱਚ ਆਉਣ ਵਾਲੇ ਅਸਥਾਈ ਪਰਵਾਸੀਆਂ ਦੀ ਸੰਖਿਆ ਸੀਮਤ ਕੀਤੀ ਜਾ ਰਹੀ ਹੈ। ਆਪਣੇ ਐਲਾਨ ਵਿੱਚ ਮਿਲਰ ਨੇ ਕਿਹਾ ਕਿ ਮੌਜੂਦਾ ਸਮੇਂ ਦੌਰਾਨ ਕੈਨੇਡਾ ਵਿੱਚ ਕੁੱਲ ਵਸੋਂ ਦੇ 6.2% ਅਸਥਾਈ ਨਾਗਰਿਕ ਹਨ, ਜੋ ਕਿ ਅਸੀਂ 5% ਤੱਕ ਘਟਾਉਣਾ ਚਾਹੁੰਦੇ ਹਾਂ। ਉਨ੍ਹਾਂ ਨੇ ਕਿਹਾ ਕਿ ਇਹ ਕਦਮ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਅਸਥਾਈ ਨਾਗਰਿਕਾਂ ਦੀ ਸੰਖਿਆ ਦੇ ਹੰਢਣਸਾਰ ਵਾਧੇ ਦੇ ਮੱਦੇ ਨਜ਼ਰ ਲਿਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਕੈਨੇਡਾ ਆਉਣ ਵਾਲੇ ਅਸਥਾਈ ਨਾਗਰਿਕਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਕੈਨੇਡਾ ਦੀ ਸਟੈਟਿਸਟਿਕ ਕੈਨੇਡਾ ਏਜੰਸੀ ਮੁਤਾਬਕ ਸਾਲ 2024 ਤੱਕ ਕੈਨੇਡਾ ਵਿੱਚ 25 ਲੱਖ ਅਸਥਾਈ ਨਾਗਰਿਕ ਹਨ। ਇਹ ਸੰਖਿਆ 2021 ਦੇ ਮੁਕਾਬਲੇ ਜ਼ਿਆਦਾ ਹੈ।



# ਔਰਤਾਂ ਲਈ ਮੁਸੀਬਤ ਬਣੀਆਂ ਬਿਮਾਰੀਆਂ ਅਤੇ ਇਲਾਜ

ਜੋ ਜੀਵ ਇਸ ਧਰਤੀ 'ਤੇ ਆਇਆ ਹੈ, ਉਸ ਦੀ ਇਕ ਨਾ ਇਕ ਦਿਨ ਮੌਤ ਨਿਸ਼ਚਿਤ ਹੈ, ਚਾਹੇ ਉਹ ਬਿਮਾਰੀ ਨਾਲ ਮਰੇ ਜਾਂ ਕਿਸੇ ਕੁਦਰਤੀ ਆਫਤ ਨਾਲ। ਮੌਤ ਸਭ ਤੋਂ ਵੱਡਾ ਸੱਚ ਹੈ, ਇਸ ਨੂੰ ਟਾਲਿਆ ਨਹੀਂ ਜਾ ਸਕਦਾ ਪਰ ਬਿਮਾਰੀ ਅਤੇ ਕੁਦਰਤੀ ਆਫ਼ਤ ਤੋਂ ਕੁਝ ਹੱਦ ਤੱਕ ਬਚਿਆ ਜਾ ਸਕਦਾ ਹੈ।

ਕੈਂਸਰ: ਔਰਤਾਂ ਨੂੰ ਛਾਤੀ ਦਾ ਕੈਂਸਰ, ਸਰਵਾਈਕਲ ਕੈਂਸਰ, ਸਿਰ ਤੇ ਗਲੇ ਦਾ ਕੈਂਸਰ ਅਤੇ ਵਲਵਰ ਕੈਂਸਰ ਹੋਣ ਦੀ ਸੰਭਾਵਨਾ ਜ਼ਿਆਦਾ ਰਹਿੰਦੀ ਹੈ। ਛਾਤੀ ਦਾ ਕੈਂਸਰ ਸਤਨ ਦੀਆਂ ਕੋਸ਼ਿਕਾਵਾਂ ਵਿਚ ਹੁੰਦਾ ਹੈ। ਇਹ ਬੇਕਾਬੂ ਹੋ ਕੇ ਵਧਦਾ ਹੈ। ਇਸ ਵਿਚ ਸਤਨ ਜਾਂ ਬਗਲ ਵਿਚ ਗੰਢ ਪੈਂਦੀ ਹੈ। ਇਸ ਨਾਲ ਸਤਨ ਦੀ ਚਮੜੀ ਦੇ ਆਕਾਰ, ਪ੍ਰਕਾਰ ਵਿਚ ਬਦਲਾਅ ਆਉਂਦਾ ਹੈ। ਇਸ ਵਿਚ ਸਤਨ ਦੀਆਂ ਕੋਸ਼ਿਕਾਵਾਂ ਅਸਾਧਾਰਨ ਰੂਪ ਨਾਲ ਵਧਦੀਆਂ ਅਤੇ ਗੰਢ, ਟਿਊਮਰ ਬਣਦੀ ਹੈ, ਜੋ ਕੈਂਸਰ ਦਾ ਰੂਪ ਲੈ ਲੈਂਦੀ ਹੈ। ਇਸ ਤੋਂ ਬਚਣ ਲਈ ਭਾਰ ਕਾਬੂ ਵਿਚ ਰੱਖੋ। ਆਪਣੇ ਬੱਚੇ ਨੂੰ ਸਤਨਪਾਨ ਕਰਾਓ। ਗਤੀਹੀਣ ਜੀਵਨ ਦੀ ਬਜਾਏ ਲਗਾਤਾਰ ਗਤੀਸ਼ੀਲ ਰਹੋ। ਸਰਵਾਈਕਲ ਕੈਂਸਰ ਗਰਭਾਸ਼ਯ ਦੇ ਹੇਠਾਂ ਵਾਲੇ ਹਿੱਸੇ ਵਿਚ ਘਾਤਕ ਕੋਸ਼ਿਕਾਵਾਂ ਦਾ ਵਾਧਾ ਹੁੰਦਾ ਹੈ। ਇਸ ਵਿਚ ਕੈਂਸਰ ਦੀ ਸਥਿਤੀ ਨਾਲ ਰਜੋਨਿਵਰਿਤੀ ਤੋਂ ਬਾਅਦ ਵੀ ਖ਼ੂਨ ਵਗਦਾ ਰਹਿੰਦਾ ਹੈ। ਇਹ ਲੰਬੇ ਸਮੇਂ ਤੱਕ ਗਰਭ ਨਿਰੋਧਕ ਗੋਲੀਆਂ ਖਾਣ ਅਤੇ ਵਾਇਰਸ ਸੰਕ੍ਰਮਣ ਦੇ ਕਾਰਨ ਹੁੰਦਾ ਹੈ। ਬਚਾਅ ਲਈ ਗਰਭ ਨਿਰੋਧਕ ਗੋਲੀ ਖਾਣ ਤੋਂ ਬਚੋ। ਐਚ. ਪੀ. ਵੀ. ਵੈਕਸੀਨ ਲਓ। ਪੈਪ ਸਮੀਅਰ ਟੈਸਟ ਕਰਾਓ। ਇਸ ਨਾਲ ਦੁਨੀਆ ਵਿਚ ਹਰ ਸਾਲ ਪੌਣੇ ਤਿੰਨ ਲੱਖ ਔਰਤਾਂ ਮਰਦੀਆਂ ਹਨ, ਜਿਨ੍ਹਾਂ ਵਿਚੋਂ 27 ਫੀਸਦੀ ਮੌਤਾਂ ਭਾਰਤ ਵਿਚ ਹੁੰਦੀਆਂ ਹਨ। ਭਾਰਤ ਵਿਚ ਹਰ ਸਾਲ 1.32 ਲੱਖ ਔਰਤਾਂ ਨੂੰ ਇਸ ਬਿਮਾਰੀ ਦਾ ਪਤਾ ਲਗਦਾ ਹੈ। ਸ਼ੁਰੂਆਤੀ ਜਾਂਚ ਨਾਲ ਪਤਾ ਲੱਗ ਜਾਣ 'ਤੇ ਇਲਾਜ ਹੋ ਜਾਂਦਾ ਹੈ। ਹੈੱਡ ਐਂਡ ਨੈੱਕ ਕੈਂਸਰ ਵਿਚ ਮੂੰਹ, ਨੱਕ, ਲਾਰ, ਗ੍ਰੰਥੀ, ਗਲੀ ਅਤੇ ਕੰਠ ਵਿਚ ਕੈਂਸਰ ਹੁੰਦਾ ਹੈ। ਇਸ ਵਿਚ ਗਾਂਠ ਜਾਂ ਜ਼ਖ਼ਮ ਹੋ ਜਾਂਦਾ ਹੈ ਜੋ ਠੀਕ ਨਹੀਂ ਹੁੰਦਾ। ਇਸ ਨਾਲ ਆਵਾਜ਼ ਬਦਲ ਜਾਂਦੀ ਹੈ ਅਤੇ ਕੁਝ ਵੀ ਨਿਗਲਣ ਵਿਚ ਮੁਸ਼ਕਿਲ ਹੁੰਦੀ ਹੈ। ਇਸ ਤੋਂ ਬਚਣ ਲਈ ਦੰਦਾਂ ਦੇ ਟੈਸਟ ਕਰਾਉਂਦੇ ਰਹਿਣਾ ਚਾਹੀਦਾ ਹੈ। ਐਚ. ਵੀ. ਪੀ. ਟੀਕਾ ਲਗਵਾਉਣਾ ਚਾਹੀਦਾ ਹੈ।

ਵਲਵਰ ਕੈਂਸਰ ਔਰਤਾਂ ਦੇ ਜਨਨ ਅੰਗ ਦੇ ਬਾਹਰੀ ਹਿੱਸੇ ਵਿਚ ਹੁੰਦਾ ਹੈ। ਇਸ ਨਾਲ ਪਿਸ਼ਾਬ ਵਿਚ ਜਲਣ ਅਤੇ ਖੁਜਲੀ ਹੁੰਦੀ ਹੈ। ਖ਼ੂਨ ਨਿਕਲਦਾ ਹੈ। ਕਿਡਨੀ ਟ੍ਰਾਂਸਪਲਾਂਟ, ਯੌਨ ਬਿਮਾਰੀਆਂ ਜਾਂ ਐਚ. ਪੀ. ਵੀ. ਤੋਂ ਪੀੜਤ ਔਰਤਾਂ ਵਿਚ ਹੋਣ ਦੀ ਸੰਭਾਵਨਾ ਜ਼ਿਆਦਾ ਰਹਿੰਦੀ ਹੈ। ਬਚਾਅ ਲਈ ਐਚ. ਪੀ. ਵੀ. ਟੀਕਾ ਲਗਵਾਓ।




ਹੱਡੀ ਰੋਗ: ਔਰਤਾਂ ਨੂੰ ਖਾਣ-ਪੀਣ ਵਿਚ ਪੌਸ਼ਟਿਕਤਾ ਦੀ ਕਮੀ ਅਤੇ ਨਾਰੀ ਸਰੀਰ ਦੇ ਕਾਰਨ ਮੇਨੋਪਾਜ ਤੋਂ ਬਾਅਦ ਹੱਡੀਆਂ ਨਾਲ ਸਬੰਧਤ ਪ੍ਰੇਸ਼ਾਨੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਆਸਟਿਓਪੋਰੋਸਿਸ ਦੀ ਬਿਮਾਰੀ ਹੋ ਜਾਂਦੀ ਹੈ, ਜਿਸ ਨਾਲ ਉਨ੍ਹਾਂ ਦੀਆਂ ਹੱਡੀਆਂ ਬਹੁਤ ਕਮਜ਼ੋਰ ਹੋ ਕੇ ਟੁੱਟਣ ਲਗਦੀਆਂ ਹਨ, ਜਿਸ ਨਾਲ ਤੇਜ਼ ਦਰਦ ਹੁੰਦਾ ਹੈ। ਹੱਡੀਆਂ ਦੁਰਬਲ ਰਹਿੰਦੀਆਂ ਹਨ। ਅਪਰਿਪਕਵ ਮੇਨੋਪਾਜ ਕਾਰਨ ਵੀ ਇਹ ਹੁੰਦਾ ਹੈ।

ਇਸ ਤੋਂ ਬਚਾਅ ਲਈ ਕੈਲਸ਼ੀਅਮ ਵਾਲੀਆਂ ਅਤੇ ਪੌਸ਼ਟਿਕ ਚੀਜ਼ਾਂ ਖਾਓ। ਭਾਰ ਕਾਬੂ ਵਿਚ ਰੱਖੋ। ਔਰਤਾਂ ਨੂੰ ਆਰਥਰਾਈਟਿਸ ਦੀਆਂ ਪ੍ਰੇਸ਼ਾਨੀ ਵੀ ਜ਼ਿਆਦਾ ਹੁੰਦੀ ਹੈ। ਇਸ ਨਾਲ ਜੋੜ ਅਤੇ ਮਾਸਪੇਸ਼ੀਆਂ ਪ੍ਰਭਾਵਿਤ ਹੁੰਦੀਆਂ ਹਨ। ਚੱਲਣ ਵਿਚ ਤਕਲੀਫ਼ ਹੁੰਦੀ ਹੈ। ਮੋਟਾਪਾ ਅਤੇ ਹੱਡੀਆਂ ਦੇ ਘਸਣ 'ਤੇ ਇਹ ਪ੍ਰੇਸ਼ਾਨੀ ਹੁੰਦੀ ਹੈ। ਇਸ ਤੋਂ ਬਚਣ ਲਈ ਕੈਲਸ਼ੀਅਮ ਵਾਲਾ ਪੌਸ਼ਟਿਕ ਭੋਜਨ ਲਓ। ਕਸਰਤ ਕਰੋ। ਔਰਤਾਂ ਵਿਚ ਅਜਿਹੇ ਕੇਸ 2.5 ਫੀਸਦੀ ਹਰ ਸਾਲ ਦੀ ਦਰ ਨਾਲ ਵਧ ਰਹੇ ਹਨ।

ਦਿਲ ਦੇ ਰੋਗ: ਔਰਤਾਂ ਨੂੰ ਹੁਣ ਕਾਰਡਿਓਵੈਸਕੁਲਰ ਡਿਸੀਜ਼ ਹੋਣ ਦੀ ਸੰਭਾਵਨਾ ਜ਼ਿਆਦਾ ਰਹਿੰਦੀ ਹੈ। ਇਸ ਨਾਲ ਦਿਲ ਅਤੇ ਧਮਨੀਆਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਦਿਲ ਦੇ ਦੌਰੇ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਨਾਲ ਛਾਤੀ, ਪਿੱਠ, ਜਬਾੜੇ ਆਦਿ ਵਿਚ ਖੱਬੇ ਪਾਸੇ ਦਰਦ ਹੁੰਦਾ ਹੈ। ਉਲਟੀਆਂ ਆਉਣਾ, ਤੇਜ਼ ਪਸੀਨਾ ਆਉਣਾ, ਚੱਕਰ ਆਉਣਾ ਵੀ ਇਸ ਦੇ ਲੱਛਣ ਹੁੰਦੇ ਹਨ। ਇਹ ਬਿਮਾਰੀ ਖ਼ੂਨ ਦਾ ਦਬਾਅ ਅਤੇ ਕੋਲੈਸਟ੍ਰੋਲ, ਮੋਟਾਪਾ, ਸ਼ੂਗਰ ਅਤੇ ਮਾਨਸਿਕ ਤਣਾਅ ਦੀ ਸਥਿਤੀ ਵਿਚ ਹੁੰਦੀ ਹੈ। ਇਸ ਤੋਂ ਬਚਣ ਲਈ ਭੋਜਨ ਵਿਚ ਚਰਬੀ ਘੱਟ ਲਓ। ਨਿਯਮਤ ਕਸਰਤ ਕਰੋ। ਭਾਰ, ਮੋਟਾਪਾ, ਖ਼ੂਨ ਦਾ ਦਬਾਅ, ਕੋਲੈਸਟ੍ਰੋਲ ਕਾਬੂ ਵਿਚ ਰੱਖੋ। ਤਣਾਅ ਮੁਕਤ ਰਹੋ। 65 ਸਾਲ ਤੋਂ ਉੱਪਰ ਦੀਆਂ ਔਰਤਾਂ ਇਸ ਦਾ ਜ਼ਿਆਦਾ ਸ਼ਿਕਾਰ ਹੁੰਦੀਆਂ ਹਨ।

# ਕਈ ਕਾਰਨਾਂ ਕਰਕੇ ਹੋ ਸਕਦਾ ਹੈ ਬੁਖ਼ਾਰ



ਕਦੀ-ਕਦੀ ਬੁਖ਼ਾਰ ਨੂੰ ਮਾਮੂਲੀ ਮੰਨ ਕੇ ਅਸੀਂ ਉਸ ਦਾ ਇਲਾਜ ਨਹੀਂ ਕਰਵਾਉਂਦੇ। ਕਈ ਵਾਰ ਬੁਖ਼ਾਰ ਕਿਸੇ ਗੰਭੀਰ ਰੋਗ ਦੇ ਲੱਛਣ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਦੋਂ ਤੱਕ ਅਸਲੀਅਤ ਸਾਨੂੰ ਪਤਾ ਲਗਦੀ ਹੈ, ਉਦੋਂ ਤੱਕ ਦੇਰ ਹੋ ਚੁੱਕੀ ਹੁੰਦੀ ਹੈ। ਕਈ ਵਾਰ ਬੁਖ਼ਾਰ ਵਾਇਰਲ ਸੰਕ੍ਰਮਣ ਦੇ ਕਾਰਨ ਹੁੰਦਾ ਹੈ ਜਿਵੇਂ ਫਲੂ, ਖਸਰਾ, ਚਿਕਨਪਾਕਸ, ਵਾਇਰਲ ਹੈਪੇਟਾਈਟਸ ਆਦਿ ਪਰ ਕਈ ਵਾਰ ਇਹ ਗੰਭੀਰ ਸੰਕ੍ਰਮਣ ਦੇ ਕਾਰਨ ਹੁੰਦਾ ਹੈ ਜਿਵੇਂ ਮਲੇਰੀਆ, ਟਾਈਫਾਈਡ ਤੇ ਟੀ. ਬੀ. ਆਦਿ।

ਕਈ ਵਾਰ ਖ਼ੂਨ, ਕਿਡਨੀ ਲਿੰਫ ਗ੍ਰੰਥੀ ਅਤੇ ਲਿਵਰ ਦੇ ਕੈਂਸਰ ਦੇ ਲੱਛਣ ਦੇ ਰੂਪ ਵਿਚ ਵੀ ਬੁਖ਼ਾਰ ਪ੍ਰਗਟ ਹੁੰਦਾ ਹੈ ਅਤੇ ਅਸੀਂ ਬਿਨਾਂ ਕਾਰਨ ਜਾਣੇ ਦਵਾਈ ਲੈ ਕੇ ਬੁਖ਼ਾਰ ਤੋਂ ਮੁਕਤੀ ਪਾਉਣਾ ਚਾਹੁੰਦੇ ਹਾਂ। ਨਤੀਜਾ ਬਿਮਾਰੀ ਵਧਦੀ ਜਾਂਦੀ ਹੈ, ਅਖੀਰ ਬੁਖ਼ਾਰ ਗੰਭੀਰ ਰੋਗਾਂ ਨੂੰ ਬੇਨਕਾਬ ਕਰਦਾ ਹੈ ਜਿਸ ਨਾਲ ਰੋਗ ਦੇ ਇਲਾਜ ਵਿਚ ਆਸਾਨੀ ਹੁੰਦੀ ਹੈ।

ਮਨੁੱਖ ਦਾ ਤਾਪਮਾਨ ਸਵੇਰੇ 6 ਵਜੇ ਘੱਟ ਹੁੰਦਾ ਹੈ ਜਦੋਂ ਕਿ ਸ਼ਾਮ 4 ਤੋਂ 6 ਵਜੇ ਦੇ ਵਿਚਾਲੇ ਜ਼ਿਆਦਾ। ਸਵੇਰੇ 6 ਵਜੇ ਸਮਾਨ ਮੌਖਿਕ ਤਾਪਮਾਨ 98.9 ਡਿਗਰੀ ਫਾਰੇਨਹਾਈਟ ਭਾਵ 37.2 ਡਿਗਰੀ ਸੈਲੀਅਸ ਅਤੇ ਸ਼ਾਮ 4 ਤੋਂ 6 ਵਜੇ 99.9 ਡਿਗਰੀ ਫਾਰੇਨਹਾਈਟ (37.7 ਡਿਗਰੀ ਸੈਲ.)। ਜੇਕਰ ਇਸ ਤੋਂ ਜ਼ਿਆਦਾ ਤਾਪਮਾਨ ਹੋਵੇ ਤਾਂ ਉਸ ਨੂੰ ਬੁਖ਼ਾਰ ਕਹਿੰਦੇ ਹਨ। ਕੱਛ ਦਾ ਤਾਪਮਾਨ ਮੂੰਹ ਦੇ ਤਾਪਮਾਨ ਤੋਂ 0.9 ਡਿਗਰੀ ਫਾਰੇਨਹਾਈਟ ਘੱਟ ਰਹਿੰਦਾ ਹੈ। ਉਮਰ ਦੇ ਅਨੁਸਾਰ ਤੇ ਸਰੀਰ ਦੀਆਂ ਕਿਰਿਆਵਾਂ ਅਨੁਸਾਰ ਵੀ ਤਾਪਮਾਨ ਬਦਲਦਾ ਰਹਿੰਦਾ ਹੈ।

ਬੁਖ਼ਾਰ ਸਾਡੇ ਲਈ ਕਈ ਤਰ੍ਹਾਂ ਨਾਲ ਲਾਭਦਾਇਕ ਵੀ ਹੁੰਦਾ ਹੈ। ਇਹ ਸਰੀਰ ਨੂੰ ਸੰਕ੍ਰਮਣ ਤੋਂ ਬਚਾਉਣ ਲਈ ਸੰਘਰਸ਼ ਦੀ ਪ੍ਰਕਿਰਿਆ ਹੈ। ਉੱਚ ਬੁਖ਼ਾਰ ਦੀ ਸਥਿਤੀ ਵਿਚ ਬੈਕਟੀਰੀਆ (ਵਿਸ਼ੇਸ਼ ਕਰਕੇ ਨਿਮੋਨੀਆ ਬੈਕਟੀਰੀਆ) ਨਸ਼ਟ ਹੋ ਜਾਂਦਾ ਹੈ, ਨਾਲ ਹੀ ਇਹ ਸਫੈਦ ਖ਼ੂਨ-ਕੋਸ਼ਿਕਾਵਾਂ ਦੀਆਂ ਸਰਗਰਮੀਆਂ ਨੂੰ ਵਧਾ ਦਿੰਦਾ ਹੈ ਪਰ ਇਸ ਨਾਲ ਨੁਕਸਾਨ ਜ਼ਿਆਦਾ ਹੈ। ਬੁਖ਼ਾਰ ਦੇ ਬਾਅਦ ਸਰੀਰ ਨੂੰ ਜ਼ਿਆਦਾ ਆਕਸੀਜਨ ਤੇ ਊਰਜਾ ਦੀ ਜ਼ਰੂਰਤ ਹੁੰਦੀ ਹੈ। ਤਰਲ ਪਦਾਰਥਾਂ ਦੇ ਸੇਵਨ ਦੀ ਜ਼ਰੂਰਤ ਵੀ ਵਧ ਜਾਂਦੀ ਹੈ।

ਬੁਖ਼ਾਰ ਦੇ ਕੁਝ ਸਹਿਯੋਗੀ ਲੱਛਣ ਵੀ ਹੁੰਦੇ ਹਨ ਜਿਵੇਂ ਪਿੱਠ ਵਿਚ ਦਰਦ, ਜੋੜਾਂ ਵਿਚ ਦਰਦ, ਠੰਢ ਲੱਗਣਾ, ਭੁੱਖ ਨਾ ਲੱਗਣਾ, ਨੀਂਦ ਨਾ ਆਉਣਾ, ਪਿਆਸ ਲੱਗਣਾ, ਮੂੰਹ ਸੁੱਕਣਾ, ਪਸੀਨਾ ਆਉਣਾ ਆਦਿ।

ਬੁਖ਼ਾਰ ਦੀ ਸਥਿਤੀ ਹੈਪੇਟਾਈਟਿਸ ਵੱਲ ਸੰਕੇਤ ਕਰਦੇ ਲੱਛਣ ਹਨ, ਅੱਖਾਂ ਪੀਲੀਆਂ ਤੇ ਪੇਸ਼ਾਬ ਪੀਲਾ ਹੋਣਾ, ਭੁੱਖ ਘੱਟ ਲੱਗਣਾ ਅਤੇ ਪੇਟ ਦੇ ਸੱਜੇ ਹਿੱਸੇ ਵਿਚ ਦਰਦ ਹੋਣਾ ਅਤੇ ਉਲਟੀਆਂ ਆਉਣਾ। ਪੇਸ਼ਾਬ ਵਿਚ ਜਲਨ, ਵਾਰ-ਵਾਰ ਪੇਸ਼ਾਬ ਆਉਣਾ, ਪੇਟ ਦੇ ਹੇਠਲੇ ਹਿੱਸੇ ਵਿਚ ਦਰਦ ਦੇ ਨਾਲ ਹੋਣ ਵਾਲਾ ਬੁਖ਼ਾਰ ਗੁਰਦੇ ਜਾਂ ਬਲੈਡਰ ਦੀ ਗੜਬੜੀ ਵੱਲ ਸੰਕੇਤ ਕਰਦਾ ਹੈ। ਨੱਕ ਬੰਦ ਹੋਣਾ, ਨੱਕ 'ਚੋਂ ਪਾਣੀ ਨਿਕਲਣਾ, ਗਲੇ ਵਿਚ ਖਾਰਸ਼, ਸਿਰ ਦਰਦ ਦੇ ਨਾਲ ਹੋਣ ਵਾਲਾ ਬੁਖ਼ਾਰ ਵਾਇਰਲ ਸੰਕ੍ਰਮਣ ਦੇ ਕਾਰਨ ਹੁੰਦਾ ਹੈ, ਜੋ 3-4 ਦਿਨ ਤੱਕ ਰਹਿੰਦਾ ਹੈ।

ਉੱਚ ਬੁਖ਼ਾਰ, ਛਾਤੀ ਵਿਚ ਦਰਦ, ਰੇਸ਼ਾ, ਨਿਮੋਨੀਆ ਦੇ ਲੱਛਣ ਹਨ, ਸਰੀਰ ਅਤੇ ਗਲੇ ਵਿਚ ਦਰਦ, ਉਲਟੀਆਂ, ਦੋਹਰਾ ਦਿਸਣਾ, ਸਿਰ ਵਿਚ ਤੇਜ਼ ਦਰਦ ਚੱਕਰ ਆਉਣ ਦੇ ਨਾਲ ਜੇ ਬੁਖ਼ਾਰ ਹੋਵੇ, ਉਹ ਦਿਮਾਗੀ ਆਵਰਣ ਵਿਚ ਸੋਜ (ਮਿਨਜਾਈਟਿਸ) ਦਾ ਲੱਛਣ ਹੋ ਸਕਦਾ ਹੈ।

ਸ਼ਾਮ ਨੂੰ ਸਰੀਰ ਦਾ ਤਾਪਮਾਨ ਵਧਣਾ, ਰਾਤ ਵੇਲੇ ਪਸੀਨਾ ਆਉਣਾ, ਥੁੱਕ ਜਾਂ ਖੰਘਣ ਸਮੇਂ ਖ਼ੂਨ ਆਉਣਾ, ਭੁੱਖ, ਕਮਜ਼ੋਰੀ ਅਤੇ ਵਜ਼ਨ ਘੱਟ ਹੋਣਾ ਟੀ. ਬੀ. ਵੱਲ ਸੰਕੇਤ ਕਰਦਾ ਹੈ। ਲਗਾਤਾਰ ਬੁਖ਼ਾਰ ਰਹਿਣਾ ਅਤੇ ਸ਼ਾਮ ਨੂੰ ਵਧ ਜਾਣਾ ਕਬਜ਼, ਸੁੱਕੀ ਖੰਘ, ਤੇਜ਼ ਸਿਰ ਦਰਦ, ਟਾਈਫਾਈਡ ਹੋ ਸਕਦਾ ਹੈ। ਠੰਢ ਤੇ ਸਰੀਰ ਵਿਚ ਤੇਜ਼ ਦਰਦ ਦੇ ਨਾਲ ਅਚਾਨਕ ਹੋਣ ਵਾਲਾ ਤੇਜ਼ ਬੁਖ਼ਾਰ ਕਾਫੀ ਸਮੇਂ ਤੱਕ ਚਲਦਾ ਹੈ। ਕੁਝ ਰੋਗੀਆਂ ਦੇ ਮਾਮਲੇ ਵਿਚ ਬੁਖ਼ਾਰ ਦਾ ਇਲਾਜ ਸਾਵਧਾਨੀ ਨਾਲ ਕੀਤਾ ਜਾਣਾ ਜ਼ਰੂਰੀ ਹੈ।

# ਚਮੜੀ ਨੂੰ ਨਿਖਾਰਦੇ ਹਨ ਫ਼ਲ

ਹਰ ਕਿਸੇ ਨੂੰ ਖ਼ੂਬਸੂਰਤ ਚਮੜੀ ਦੀ ਚਾਹਤ ਹੁੰਦੀ ਹੈ। ਨਿਖਰੀ, ਮੁਲਾਇਮ ਚਮੜੀ ਪਾਉਣ ਲਈ ਲੋਕ ਕਈ ਉਪਾਅ ਕਰਦੇ ਹਨ। ਕੁਝ ਘਰੇਲੂ ਉਪਾਵਾਂ ਨੂੰ ਅਪਣਾ ਕੇ ਤੁਸੀਂ ਨਿਖਰੀ ਮੁਲਾਇਮ ਚਮੜੀ ਪਾ ਸਕਦੇ ਹੋ। ਨਿਯਮਤ ਰੂਪ ਨਾਲ ਫਲ ਖਾਣ ਅਤੇ ਚਮੜੀ 'ਤੇ ਲਗਾਉਣ ਨਾਲ ਚਮੜੀ ਦੀ ਸੁੰਦਰਤਾ ਵਿਚ ਬਹੁਤ ਨਿਖਾਰ ਆਵੇਗਾ।



ਪਪੀਤਾ: ਪਪੀਤਾ ਚਮੜੀ ਦੇ ਪੀ. ਐਚ. ਪੱਧਰ ਨੂੰ ਸੰਤੁਲਿਤ ਰੱਖਦਾ ਹੈ। ਪਪੀਤੇ ਦੀ ਵਰਤੋਂ ਨਾਲ ਚਮੜੀ ਦੀ ਰੰਗਤ ਵਿਚ ਨਿਖਾਰ ਆਉਂਦਾ ਹੈ। ਕੱਚਾ ਪਪੀਤਾ ਚਿਹਰੇ 'ਤੇ ਰਗੜਨ ਨਾਲ ਰੰਗਤ ਸਾਫ ਹੋਣ ਵਿਚ ਮਦਦ ਮਿਲਦੀ ਹੈ। ਹਫ਼ਤੇ ਵਿਚ ਦੋ ਵਾਰ ਪਪੀਤਾ ਚਿਹਰੇ 'ਤੇ ਰਗੜਨ ਨਾਲ ਚਿਹਰੇ ਦੀਆਂ ਝੁਰੜੀਆਂ ਅਤੇ ਨਿਸ਼ਾਨ ਦੂਰ ਹੁੰਦੇ ਹਨ, ਨਾਲ ਹੀ ਮੁਹਾਸੇ ਅਤੇ ਦਾਗ-ਧੱਬੇ ਦੂਰ ਹੋ ਕੇ ਰੰਗਤ ਵਿਚ ਨਿਖਾਰ ਆਉਂਦਾ ਹੈ। ਪਪੀਤੇ ਵਿਚ ਪੈਪੀਨ ਨਾਮੀ ਇੰਜਾਈਮ ਹੋਣ ਦੇ ਕਾਰਨ ਹਾਜ਼ਮਾ ਸ਼ਕਤੀ ਵਿਕਸਤ ਹੁੰਦੀ ਹੈ।

ਸੰਤਰਾ: ਚਮੜੀ ਦੀ ਖ਼ੂਬਸੂਰਤੀ ਨੂੰ ਬਰਕਰਾਰ ਰੱਖਣ ਲਈ ਸੰਤਰੇ ਦਾ ਨਿਯਮਤ ਰੂਪ ਨਾਲ ਸੇਵਨ ਚੰਗਾ ਹੁੰਦਾ ਹੈ। ਸੰਤਰੇ ਵਿਚ ਵਿਟਾਮਿਨ ਸੀ ਦੀ ਭਰਪੂਰ ਮਾਤਰਾ ਹੁੰਦੀ ਹੈ, ਜੋ ਚਮੜੀ ਦੀ ਰੰਗਤ ਨਿਖਾਰਨ ਵਿਚ ਮਦਦ ਕਰਦਾ ਹੈ। ਸੰਤਰੇ ਦੇ ਜੂਸ ਦੇ ਸੇਵਨ ਨਾਲ ਚਮੜੀ ਵਿਚ ਨਿਖਾਰ ਅਤੇ ਤਾਜ਼ਗੀ ਬਣੀ ਰਹਿੰਦੀ ਹੈ। ਅੱਖਾਂ ਦੇ ਚਾਰੇ ਪਾਸੇ ਡੂੰਘੇ ਘੇਰੇ ਨੂੰ ਦੂਰ ਕਰਨ ਲਈ ਸੰਤਰੇ ਦਾ ਜੂਸ ਉਨ੍ਹਾਂ 'ਤੇ ਲਗਾਓ। ਸੰਤਰੇ ਦੇ ਛਿਲਕਿਆਂ ਦੇ ਵੀ ਅਨੇਕਾਂ ਲਾਭ ਹਨ। ਛਿਲਕਿਆਂ ਨੂੰ ਸੁਕਾ ਕੇ ਪੀਸ ਲਓ। ਇਸ ਪਾਊਡਰ ਨਾਲ ਤੁਸੀਂ ਚਮੜੀ ਸਕਰਬ ਤਿਆਰ ਕਰ ਸਕਦੇ ਹੋ।

ਸੇਬ: ਸਰੀਰ ਨੂੰ ਸੁੰਦਰ ਤੇ ਸੁਡੌਲ ਬਣਾਈ ਰੱਖਣ ਲਈ ਨਿਯਮਤ ਰੂਪ ਨਾਲ ਸੇਬ ਦਾ ਸੇਵਨ ਕਰਦੇ ਰਹਿਣਾ ਚਾਹੀਦਾ ਹੈ। ਸੇਬ ਵਿਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਹਮੇਸ਼ਾ ਤਰੋਤਾਜ਼ਾ ਰੱਖਦੇ ਹਨ। ਤੈਲੀ ਚਮੜੀ ਲਈ ਸੇਬ ਦੀ ਵਰਤੋਂ ਜ਼ਿਆਦਾ ਲਾਭਕਾਰੀ ਹੁੰਦੀ ਹੈ। ਇਸ ਦੇ ਨਾਲ ਸੇਬ ਦੇ ਨਿਯਮਤ ਸੇਵਨ ਨਾਲ ਦੰਦ ਸਾਫ ਅਤੇ ਮਜ਼ਬੂਤ ਹੁੰਦੇ ਹਨ। ਵਾਲਾਂ ਦੀ ਸਿਕਰੀ ਘੱਟ ਕਰਨ ਲਈ ਤੁਸੀਂ ਸੇਬ ਦੇ ਰਸ ਨਾਲ ਸਿਰ ਦੀ ਮਸਾਜ ਕਰ ਸਕਦੇ ਹੋ।

# ਕਰੇਲਾ ਇਕ ਦਵਾਈ ਦੇ ਰੂਪ ਵਿਚ



ਮਲੇਰੀਆ: ਕਰੇਲੇ ਦੇ 3-4 ਪੱਤਿਆਂ ਨੂੰ ਕਾਲੀ ਮਿਰਚ ਦੇ 3 ਦਾਣਿਆਂ ਦੇ ਨਾਲ ਪੀਸ ਕੇ ਉਨ੍ਹਾਂ ਦਾ ਰਸ ਸਰੀਰ 'ਤੇ ਲਗਾਓ।

ਬਾਲਕ ਦੀ ਉਲਟੀ: ਕਰੇਲੇ ਦੇ 1 ਤੋਂ 3 ਬੀਜਾਂ ਨੂੰ ਇਕ-ਦੋ ਕਾਲੀਆਂ ਮਿਰਚਾਂ ਦੇ ਨਾਲ ਪੀਸ ਕੇ ਬਾਲਕ ਨੂੰ ਪਿਲਾਉਣ ਨਾਲ ਉਲਟੀ ਬੰਦ ਹੁੰਦੀ ਹੈ।

ਤਲਿਆਂ ਵਿਚ ਜਲਣ: ਪੈਰ ਦੇ ਤਲਿਆਂ ਵਿਚ ਹੋਣ ਵਾਲੀ ਜਲਣ ਵਿਚ ਕਰੇਲੇ ਦਾ ਰਸ ਮਲਣ ਨਾਲ ਲਾਭ ਹੁੰਦਾ ਹੈ।

ਅਮਲਪਿੱਤ: ਕਰੇਲੇ ਅਤੇ ਉਸ ਦੇ ਪੱਤੇ ਦੇ 5 ਤੋਂ 10 ਗ੍ਰਾਮ ਚੂਰਨ ਵਿਚ ਮਿਸ਼ਰੀ ਮਿਲਾ ਕੇ ਘਿਓ ਅਤੇ ਪਾਣੀ ਦੇ ਨਾਲ ਲੈਣ ਨਾਲ ਲਾਭ ਹੁੰਦਾ ਹੈ।

ਸੋਜ: ਕਰੇਲੇ ਨੂੰ ਪੀਸ ਕੇ ਸੋਜ ਵਾਲੇ ਅੰਗ 'ਤੇ ਲਗਾਉਣ ਨਾਲ ਸੋਜ ਉਤਰ ਜਾਂਦੀ ਹੈ। ਗਲੇ ਦੀ ਸੋਜ ਵਿਚ ਕਰੇਲੇ ਦੀ ਲੁਗਦੀ ਨੂੰ ਗਰਮ ਕਰਕੇ ਲੇਪ ਕਰੋ।

ਜਲਣ 'ਤੇ: ਅੱਗ ਨਾਲ ਜਲੇ ਹੋਏ ਜ਼ਖ਼ਮ 'ਤੇ ਕਰੇਲੇ ਦਾ ਰਸ ਲਗਾਉਣ ਨਾਲ ਲਾਭ ਹੁੰਦਾ ਹੈ।

ਖ਼ੂਨ ਦੀ ਕਮੀ: ਕਰੇਲੇ ਦੇ ਪੱਤਿਆਂ ਦਾ 2-2 ਚਮਚ ਰਸ ਸਵੇਰੇ-ਸ਼ਾਮ ਦੇਣ ਨਾਲ ਲਾਭ ਹੁੰਦਾ ਹੈ।

ਕੀੜੇ: ਪੇਟ ਵਿਚ ਕੀੜੇ ਹੋ ਜਾਣ 'ਤੇ ਕਰੇਲੇ ਦੇ ਰਸ ਵਿਚ ਚੁਟਕੀ ਕੁ ਹਿੰਗ ਪਾ ਕੇ ਪੀਣ ਨਾਲ ਲਾਭ ਹੁੰਦਾ ਹੈ।

# ਕਈ ਰੋਗਾਂ ਨੂੰ ਖ਼ਤਮ ਕਰਨ ਦੀ ਤਾਕਤ ਰੱਖਦਾ ਹੈ ਪਾਣੀ


ਦੁਨੀਆ ਵਿਚ ਅਜਿਹਾ ਕੋਈ ਇਨਸਾਨ ਨਹੀਂ ਹੋਵੇਗਾ, ਜਿਸ ਨੂੰ ਪਾਣੀ ਦੀ ਲੋੜ ਨਾ ਪਈ ਹੋਵੇ। ਸ੍ਰਿਸ਼ਟੀ ਦੇ ਸ਼ੁਰੂ ਤੋਂ ਵਰਤਮਾਨ ਵਿਗਿਆਨਕ ਯੁੱਗ ਤੱਕ ਪਾਣੀ ਦੇ ਸਬੰਧ ਵਿਚ ਨਵੇਂ-ਨਵੇਂ ਤੱਥ ਉਜਾਗਰ ਹੋਏ ਹਨ ਅਤੇ ਇਸ ਦੇ ਵਿਵਿਧ ਗੁਣਾਂ ਤੋਂ ਸਾਰਾ ਸੰਸਾਰ ਜਾਣੂ ਹੋਇਆ ਹੈ।

ਵਾਤਾਵਰਨ ਨੂੰ ਪ੍ਰਾਣਵਾਨ ਬਣਾਈ ਰੱਖਣ ਲਈ ਗਰਮੀ ਵਿਚ ਨਦੀ ਅਤੇ ਸਾਗਰਾਂ ਦਾ ਪਾਣੀ ਵਾਸ਼ਪੀਕ੍ਰਿਤ ਹੋ ਕੇ ਬੱਦਲ ਬਣ ਕੇ ਦੁਬਾਰਾ ਵਰ੍ਹਦਾ ਹੈ। ਸਰਦੀ ਵਿਚ ਸਰੋਤ ਦਾ ਪਾਣੀ ਗਰਮ-ਗਰਮ ਨਿਕਲਣ ਲਗਦਾ ਹੈ। ਜਿਥੇ ਵਰਖਾ ਨਹੀਂ ਹੁੰਦੀ, ਉਥੇ ਤਾਂ ਬਰਫ਼ ਪੈਂਦੀ ਹੈ ਅਤੇ ਹੋਰ ਮਾਧਿਅਮ ਨਾਲ ਜਲ-ਧਾਰਾ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਸੰਤੁਲਨ ਬਣਿਆ ਰਹਿੰਦਾ ਹੈ।

ਪਾਣੀ ਦੀ ਮਹੱਤਤਾ ਅਤੇ ਉਪਯੋਗਤਾ ਜਾਣ ਲੈਣ ਤੋਂ ਬਾਅਦ ਜ਼ਰੂਰੀ ਹੈ ਕਿ ਅਸੀਂ ਇਹ ਜਾਣ ਲਈਏ ਕਿ ਪਾਣੀ ਦੀ ਕਿਸ-ਕਿਸ ਤਰ੍ਹਾਂ ਵਰਤੋਂ ਕਰੀਏ ਤਾਂ ਕਿ ਜੀਵਨ ਖ਼ੁਸ਼ਹਾਲ ਰਹੇ। ਪਾਣੀ ਦੇ ਮੁੱਖ ਤਿੰਨ ਉਪਯੋਗ ਅਸੀਂ ਸਾਰੇ ਜਾਣਦੇ ਹਾਂ। ਪਹਿਲਾ-ਪੀਣ ਲਈ, ਦੂਜਾ ਨਹਾਉਣ-ਧੋਣ ਲਈ ਅਤੇ ਤੀਜਾ ਸਿੰਚਾਈ ਅਤੇ ਬਿਜਲੀ ਬਣਾਉਣ ਲਈ। ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਪਾਣੀ ਵਿਚ ਦਵਾਈ ਦੇ ਵੀ ਗੁਣ ਹਨ। ਆਯੁਰਵੇਦ ਵਿਚ ਪਾਣੀ ਨੂੰ 'ਸਰਵਵਿਆਧਿਹਰ' (ਸਭ ਬਿਮਾਰੀਆਂ ਨੂੰ ਖ਼ਤਮ ਕਰਨ ਵਾਲਾ) ਦੇ ਨਾਂਅ ਨਾਲ ਵਰਨਣ ਕੀਤਾ ਗਿਆ ਹੈ।

ਸਰੀਰ ਵਿਚ ਲਗਪਗ 80 ਫੀਸਦੀ ਭਾਗ ਪਾਣੀ ਹੁੰਦਾ ਹੈ। ਪਾਣੀ ਜਿਸ ਪਦਾਰਥ ਦੇ ਨਾਲ ਮਿਲਾਇਆ ਜਾਵੇ, ਉਸ ਦੀ ਗਰਮੀ ਜਾਂ ਠੰਡਕ ਨੂੰ ਤੇਜ਼ੀ ਨਾਲ ਗ੍ਰਹਿਣ ਕਰਕੇ ਤੀਬਰਤਾ ਨਾਲ ਊਸ਼ਮਾ ਜਾਂ ਸ਼ੀਤਲਤਾ ਦਿੰਦਾ ਹੈ। ਕਿਉਂਕਿ ਇਹ ਤਰਲ ਹੈ ਅਤੇ ਇਸ ਵਿਚ ਘੁਲਣ ਸ਼ਕਤੀ ਹੈ, ਇਸ ਕਰਕੇ ਇਹ ਆਸਾਨੀ ਨਾਲ ਇਲਾਜ ਪ੍ਰਣਾਲੀ ਵਿਚ ਕੰਮ ਆ ਜਾਂਦਾ ਹੈ। ਪਾਣੀ ਸਾਡੇ ਭੋਜਨ ਦਾ ਅੰਗ ਹੈ। ਰੋਟੀ ਦਾ ਬਦਲ ਚੌਲ ਜਾਂ ਸ਼ਾਕ ਹੋ ਸਕਦਾ ਹੈ ਪਰ ਪਾਣੀ ਦਾ ਕੋਈ ਬਦਲ ਨਹੀਂ। ਇਸ਼ਨਾਨ ਦੇ ਰੂਪ ਵਿਚ ਵੀ ਇਹ ਸਰੀਰ ਨੂੰ ਤੰਦਰੁਸਤ ਰੱਖਦਾ ਹੈ ਅਤੇ ਸੰਤੁਲਨ ਬਣਾਈ ਰੱਖਦਾ ਹੈ। ਮੂਤਰ ਅਤੇ ਪਸੀਨੇ ਦੇ ਰੂਪ ਵਿਚ ਇਹ ਸਰੀਰ ਦੀਆਂ ਜ਼ਹਿਰਾਂ ਨੂੰ ਬਾਹਰ ਕੱਢਣ ਵਿਚ ਮਦਦ ਕਰਦਾ ਹੈ।

# ਦਿਲਸ਼ਾਦ ਅਖ਼ਤਰ: ਅਮਰ ਸਿੰਘ ਚਮਕੀਲਾ ਤੋਂ ਸਾਲਾਂ ਬਾਅਦ ਸਟੇਜ ’ਤੇ ਗਾਉਂਦਾ ਮਾਰਿਆ ਗਿਆ ਗਾਇਕ




ਪੰਜਾਬੀ ਦੁਗਾਣਾ ਜੋੜੀ ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਕੌਰ ਉੱਤੇ ਬਣੀ ਫ਼ਿਲਮ ਹਾਲ ਹੀ ਵਿੱਚ ‘ਨੈੱਟਫਲਿਕਸ’ ’ਤੇ ਰਿਲੀਜ਼ ਹੋਈ ਹੈ।ਸਾਲ 1988 ਵਿੱਚ ਹਥਿਆਰਬੰਦ ਹਮਲਾਵਰਾਂ ਨੇ ਉਨ੍ਹਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।‘ਅਮਰ ਸਿੰਘ ਚਮਕੀਲਾ’ ਫ਼ਿਲਮ ਦਾ ਨਿਰਦੇਸ਼ਨ ਅਤੇ ਅਦਾਕਾਰਾਂ ਦੀ ਪੇਸ਼ਕਾਰੀ ਚਰਚਾ ਵਿੱਚ ਹੈ।ਇਸ ਦੇ ਨਾਲ ਹੀ ਅਜਿਹੀ ਹੀ ਹੋਣੀ ਦਾ ਸ਼ਿਕਾਰ ਹੋਏ ਗਾਇਕਾਂ ਦੀ ਵੀ ਚਰਚਾ ਹੋ ਰਹੀ ਹੈ।ਇਸ ਚਰਚਾ ਵਿੱਚ ਸਿੱਧੂ ਮੂਸੇਵਾਲਾ ਦੇ ਨਾਲ-ਨਾਲ ਦਿਲਸ਼ਾਦ ਅਖ਼ਤਰ ਦਾ ਵੀ ਜ਼ਿਕਰ ਹੋ ਰਿਹਾ ਹੈ।1980ਵਿਆਂ ਦੀ ਸ਼ੁਰੂਆਤ ਵਿੱਚ ਵਿੱਚ ਪੇਸ਼ੇਵਰ ਗਾਇਕ ਵਜੋਂ ਸ਼ੁਰੂਆਤ ਕਰਨ ਵਾਲੇ ਦਿਲਸ਼ਾਦ ਅਖ਼ਤਰ ਨੂੰ ਅੱਜ ਵੀ ਲੋਕ ਬੁਲੰਦ ਅਵਾਜ਼ ਵਾਲੇ ਗਾਇਕ ਵਜੋਂ ਜਾਣਦੇ ਹਨ।‘ਦਿਲ ਵਿੱਚ ਵੱਸਨੈ ਸੱਜਣਾ ਵੇ ਰਹਿਨੈ ਅੱਖੀਆਂ ਤੋਂ ਦੂਰ’ ਅਤੇ ‘ਸਾਨੂੰ ਪਰਦੇਸੀਆਂ ਨੂੰ ਯਾਦ ਕਰਕੇ’ ਉਨ੍ਹਾਂ ਦੇ ਮਸ਼ਹੂਰ ਅਤੇ ਅੱਜ ਤੱਕ ਸੁਣੇ ਜਾਣ ਵਾਲੇ ਗੀਤ ਹਨ।ਫ਼ਿਲਮ ਇਤਿਹਾਸਕਾਰ ਮਨਦੀਪ ਸਿੰਘ ਸਿੱਧੂ ਦੱਸਦੇ ਹਨ ਕਿ ਦਿਲਸ਼ਾਦ ਅਖ਼ਤਰ ਦਾ ਨਾਮ ਅਮਰ ਸਿੰਘ ਚਮਕੀਲਾ, ਕੁਲਦੀਪ ਮਾਣਕ ਸਣੇ ਉਨ੍ਹਾਂ ਚੰਦ ਕੁ ਗਾਇਕਾਂ ਦੀ ਸੂਚੀ ਵਿੱਚ ਆਉਂਦਾ ਹੈ ਜਿਨ੍ਹਾਂ ਦੀਆਂ ਪੁਰਾਣੀਆਂ ਕੈਸੇਟਸ ਅੱਜ ਵੀ ਮਹਿੰਗੇ ਭਾਅ ਉੱਤੇ ਲੋਕ ਖਰੀਦਦੇ ਹਨ।ਉਨ੍ਹਾਂ ਦੇ ਕਈ ਗੀਤ ਲਿਖ ਚੁੱਕੇ ਅਤੇ ਕਾਲਜ ਦੇ ਸਮੇਂ ਦੇ ਜਾਣਕਾਰ ਧਰਮ ਕੰਮੇਆਣਾ ਦੱਸਦੇ ਹਨ ਕਿ ਦਿਲਸ਼ਾਦ ਅਖ਼ਤਰ ਦੀ ਪਹਿਲੀ ਕੈਸੇਟ 1981 ਵਿੱਚ ਆ ਗਈ ਸੀ।

**ਕਿਵੇਂ ਹੋਈ ਸੀ ਮੌਤ**

ਮਾਰਚ 2008 ਦੀ ‘ਦਿ ਟ੍ਰਿਬਿਊਨ’ ਅਖ਼ਬਾਰ ਦੀ ਰਿਪੋਰਟ ਮੁਤਾਬਕ ਦਿਲਸ਼ਾਦ ਅਖ਼ਤਰ ਨੂੰ 28 ਜਨਵਰੀ 1996 ਵਿੱਚ ਸਟੇਜ ਉੱਤੇ ਗਾਉਂਦਿਆਂ ਇੱਕ ਪੁਲਿਸ ਅਧਿਕਾਰੀ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਇਹ ਘਟਨਾ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਕਸਬੇ ਵਿੱਚ ਪੈਂਦੇ ਪਿੰਡ ਸਿੰਘਪੁਰਾ ਵਿੱਚ ਵਾਪਰੀ ਸੀ। ਉਹ ਇੱਕ ਵਿਆਹ ਦੇ ਪ੍ਰੋਗਰਾਮ ਉੱਤੇ ਗਾ ਰਹੇ ਸਨ, ਮਾਰਨ ਵਾਲੇ ਪੁਲਿਸ ਅਧਿਕਾਰੀ ਨੇ ਸ਼ਰਾਬ ਪੀਤੀ ਹੋਈ ਸੀ। ਇਸੇ ਰਿਪੋਰਟ ਮੁਤਾਬਕ ਦਿਲਸ਼ਾਦ ’ਤੇ ਫਾਇਰਿੰਗ ਸਾਲ 2002 ਵਿੱਚ ਡੀਐੱਸਪੀ ਰਿਟਾਇਰ ਹੋਏ ਸਵਰਨ ਸਿੰਘ ਹੁੰਦਲ ਨਾਮ ਦੇ ਪੁਲਿਸ ਅਧਿਕਾਰੀ ਵੱਲੋਂ ਕੀਤੀ ਗਈ ਸੀ।ਪੁਲਿਸ ਅਧਿਕਾਰੀ ਨੇ ਦਿਲਸ਼ਾਦ ਅਖ਼ਤਰ ਨੂੰ ਕਿਸੇ ਹੋਰ ਗਾਇਕ ਦਾ ਗੀਤ ਗਾਉਣ ਲਈ ਕਿਹਾ ਸੀ ਪਰ ਦਿਲਸ਼ਾਦ ਨੇ ਇਸ ਤੋਂ ਨਾਹ ਕਰ ਦਿੱਤੀ ਸੀ ਜਿਸ ਉੱਤੇ ਪੁਲਿਸ ਅਧਿਕਾਰੀ ਨੇ ਭੜਕ ਕੇ ਆਪਣੇ ਸੁਰੱਖਿਆ ਮੁਲਾਜ਼ਮ ਕੋਲੋਂ ਏਕੇ-47 ਖੋਹ ਕੇ ਦਿਲਸ਼ਾਦ ਅਖ਼ਤਰ ਉੱਤੇ ਗੋਲੀਆਂ ਚਲਾ ਦਿੱਤੀਆਂ ਸਨ।‘ਦਿ ਟ੍ਰਿਬਿਊਨ’ ਅਖ਼ਬਾਰ ਦੀ ਰਿਪੋਰਟ ਮੁਤਾਬਕ ਇਸੇ ਅਧਿਕਾਰੀ ਨੇ ਮਾਰਚ 2008 ’ਚ ਖ਼ੁਦਕੁਸ਼ੀ ਕਰ ਲਈ ਸੀ।ਉਨ੍ਹਾਂ ਉੱਤੇ ਝੂਠੇ ਪੁਲਿਸ ਮੁਕਾਬਲੇ ਦੇ ਇਲਜ਼ਾਮਾਂ ਤਹਿਤ ਸੀਬੀਆਈ ਦੇ ਕੇਸ ਸਨ।

**ਕਿਹੜੇ-ਕਿਹੜੇ ਹਿੱਟ ਗੀਤ ਗਾਏ**

ਮਨਦੀਪ ਸਿੰਘ ਸਿੱਧੂ ਦੱਸਦੇ ਹਨ ਕਿ ਦਿਲਸ਼ਾਦ ਅਖ਼ਤਰ ਦੀ ਪਹਿਲੀ ਕੈਸੇਟ ਦਾ ਨਾਮ ‘ਧਰਤੀ ਪੰਜ ਦਰਿਆਵਾਂ ਦੀ’ ਸੀ ।ਇਸ ਤੋਂ ਬਾਅਦ ਬਾਬੂ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ ਰਿਕਾਰਡ ਕੀਤਾ ਗਿਆ, ‘ਮਨ ਵਿੱਚ ਵੱਸਦਾ ਸੱਜਣਾ ਵੇ ਰਹਿੰਨੈ ਅੱਖੀਆਂ ਤੋਂ ਦੂਰ ਉਨ੍ਹਾਂ ਦਾ ਮਸ਼ਹੂਰ ਗੀਤ ਸੀ।‘ਸਾਨੂੰ ਪਰਦੇਸੀਆਂ ਨੂੰ ਯਾਦ ਕਰਕੇ ਕਾਹਨੂੰ ਅੱਥਰੂ ਵਹਾਉਨੀ’ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ‘ਦੇਸੀ ਬਾਂਦਰੀ ਵਲੈਤੀ ਚੀਕਾਂ’ ਤੇ ‘ਕੀ ਹਾਲ ਪ੍ਰੀਤੋ’ ਦਾ ਗੀਤ ਵੀ ਗਾਏ।ਉਹ ਦੱਸਦੇ ਹਨ, ਦਿਲਸ਼ਾਦ ਅਖ਼ਤਰ ਨੇ ਹਰੇਕ ਭਾਂਤ ਦੇ ਗੀਤ ਗਾਏ ਉਹ ਭੰਗੜੇ ਵਾਲੇ ਗੀਤਾਂ ਦੇ ਨਾਲ-ਨਾਲ ਦੁੱਖ ਭਰੇ ਗੀਤ ਅਤੇ ਬੀਰ ਰਸ ਵਾਲੇ ਗੀਤ ਵੀ ਗਾਉਂਦੇ ਰਹੇ ਹਨ।ਉਹ ਦੱਸਦੇ ਹਨ ਕਿ ਉਨ੍ਹਾਂ ਦੇ ਸਾਰੇ ਗੀਤ ਸਾਫ਼-ਸੁੱਥਰੇ ਅਤੇ ਪਰਿਵਾਰ ਵਿੱਚ ਬੈਠ ਕੇ ਸੁਣਨ ਵਾਲੇ ਸਨ।ਜਦੋਂ ਦਿਲਸ਼ਾਦ ਅਖ਼ਤਰ ਨੇ ਗਾਉਣਾ ਸ਼ੁਰੂ ਕੀਤਾ ਤਾਂ ਕੈਸੇਟ ਯੁੱਗ ਸ਼ੁਰੂ ਹੋ ਗਿਆ ਸੀ ਅਤੇ ਇਹ ਕਾਫੀ ਗਿਣਤੀ ਵਿੱਚ ਵਿਕਦੇ ਰਹੇ ਹਨ।

**ਮਰਾਸੀ ਭਾਈਚਾਰੇ ਨਾਲ ਸਬੰਧਤ ਸਨ**

ਦਿਲਸ਼ਾਦ ਅਖ਼ਤਰ ਦਾ ਜਨਮ ਫਰੀਦਕੋਟ ਦੇ ਕਸਬੇ ਕੋਟਕਪੂਰਾ ਵਿੱਚ ਜਨਵਰੀ 1965 ਵਿੱਚ ਹੋਇਆ ਸੀ।ਉਹ ਮਰਾਸੀ ਭਾਈਚਾਰੇ ਨਾਲ ਸਬੰਧ ਰੱਖਦੇ ਸਨ, ਉਨ੍ਹਾ ਦਾ ਪਰਿਵਾਰ ਪੀੜ੍ਹੀ ਦਰ ਪੀੜ੍ਹੀ ਗਾਇਕੀ ਨਾਲ ਜੁੜਿਆ ਰਿਹਾ ਸੀ।ਉਨ੍ਹਾਂ ਦੇ ਪਿਤਾ ਕੀੜੇ ਖ਼ਾਨ ਸ਼ੌਕੀਨ ਵੀ ਸੰਗੀਤ ਦੇ ਉਸਤਾਦ ਸਨ।

**ਦਿਲਸ਼ਾਦ ਅਖ਼ਤਰ ਵਿੱਚ ਕੀ ਸੀ ਖ਼ਾਸ**


ਪੰਜਾਬੀ ਫ਼ਿਲਮਾਂ ਦੇ ਇਤਿਹਾਸ ਬਾਰੇ ਕਿਤਾਬਾਂ ਲਿਖ ਚੁੱਕੇ ਮਨਦੀਪ ਸਿੰਘ ਸਿੱਧੂ ਦੱਸਦੇ ਹਨ ਕਿ ਦਿਲਸ਼ਾਦ ਅਖ਼ਤਰ 1980ਵੇਂ ਦੇ ਦਹਾਕੇ ਵਿੱਚ ਪੰਜਾਬੀ ਸੰਗੀਤਕ ਜਗਤ ਵਿੱਚ ਆਗਾਜ਼ ਕਰਨ ਵਾਲੇ ਮੋਹਰੀ ਗਾਇਕਾਂ ਵਿੱਚ ਸ਼ਾਮਲ ਸਨ।ਉਹ ਦੱਸਦੇ ਹਨ ਕਿ ਦਿਲਸ਼ਾਦ ਅਖ਼ਤਰ ਬੁਲੰਦ ਆਵਾਜ਼ ਦਾ ਮਾਲਕ ਸੀ ਅਤੇ ਕੈਸੇਟ ਯੁੱਗ ਵਿੱਚ ਉਨ੍ਹਾਂ ਦੇ ਗੀਤ ਸੁਪਰ ਹਿੱਟ ਹੁੰਦੇ ਸਨ।ਉਹ ਦੱਸਦੇ ਹਨ, ਦਿਲਸ਼ਾਦ ਅਖ਼ਤਰ ਦੀ ਮਿਆਰੀ ਗਾਇਕੀ ਦੀ ਮਕਬੂਲੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 1990 ਵਿਆਂ ਦੇ ਦੌਰਾਨ ਜਲੰਧਰ ਦੂਰਦਰਸ਼ਨ ‘ਤੇ ਉਨ੍ਹਾਂ ਦੇ ਗੀਤ ਖ਼ਾਸ ਤੌਰ ‘ਤੇ ਚਲਾਏ ਜਾਂਦੇ ਸਨ। 90ਵਿਆਂ ਦੇ ਦੌਰ ਵਿੱਚ ਜਲੰਧਰ ਦੂਰਦਰਸ਼ਨ ਉੱਤੇ ਸਰਦੂਲ ਸਿਕੰਦਰ ਅਤੇ ਦਿਲਸ਼ਾਦ ਅਖ਼ਤਰ ਖ਼ਾਸ ਮਹਿਮਾਨ ਵਜੋਂ ਹਾਜ਼ਰ ਹੁੰਦੇ ਸਨ। ਉਹ ਦੱਸਦੇ ਹਨ ਕਿ 1989-90 ਵਿੱਚ ਆਈ ‘ਅਣਖ ਜੱਟਾਂ ਦੀ’ ਫ਼ਿਲਮ ਵਿੱਚ ਉਨ੍ਹਾਂ ਨੂੰ ਗਾਉਂਦਿਆਂ ਫਿਲਮਾਇਆ ਗਿਆ ਸੀ।ਦਿਲਸ਼ਾਦ ਅਖ਼ਤਰ ਦੀ ਮੌਤ ਤੋਂ ਬਾਅਦ ਵੱਡੀ ਗਿਣਤੀ ਵਿੱਚ ਗਾਇਕਾਂ ਨੇ ਦਿਲਸ਼ਾਦ ਅਖ਼ਤਰ ਨੂੰ ਸਮਰਪਿਤ ਕੈਸੇਟਾਂ ਰਿਲੀਜ਼ ਕੀਤੀਆਂ, ਉਹ ਸ਼ਾਇਦ ਅਜਿਹੇ ਪਹਿਲੇ ਪੰਜਾਬੀ ਗਾਇਕ ਸਨ ਜਿਨ੍ਹਾਂ ਨੂੰ ਇੰਨਾ ਪਿਆਰ ਮਿਲਿਆ ਸੀ। ਉਹ ਦੱਸਦੇ ਹਨ ਕਿ ਦਿਲਸ਼ਾਦ ਅਖ਼ਤਰ ਨੇ ਕਈ ਧਾਰਮਿਕ ਗੀਤ ਵੀ ਗਾਏ ਹਨ।ਧਰਮ ਕੰਮੇਆਣਾ ਦੱਸਦੇ ਹਨ, ਦਿਲਸ਼ਾਦ ਅਖ਼ਤਰ ਸਾਹਿਤਿਕ ਸੱਭਿਆਚਾਰਕ ਗੀਤਾਂ ਨੂੰ ਹੀ ਤਰਜੀਹ ਦਿੰਦੇ ਸਨ।

ਹਾਲਾਂਕਿ ਉਸ ਦੌਰ ਵਿੱਚ ਕੁਲਦੀਪ ਮਾਣਕ, ਮੁਹੰਮਦ ਸਦੀਕ ਅਤੇ ਸੁਰਿੰਦਰ ਛਿੰਦਾ, ਗੁਰਦਾਸ ਮਾਨ ਦਾ ਵੱਖਰਾ ਮੁਕਾਮ ਸੀ ਪਰ ਉਸ ਦੌਰ ਵਿੱਚ ਆਏ ਨਵੇਂ ਗਾਇਕਾਂ ਵਿੱਚ ਦਿਲਸ਼ਾਦ ਅਖ਼ਤਰ ਦਾ ਆਪਣਾ ਨਾਮ ਸੀ।ਉਹ ਦੱਸਦੇ ਹਨ ਕਿ ਉਹ ਦੌਰ ਦੁਗਾਣਿਆਂ ਦਾ ਦੌਰ ਸੀ ਅਤੇ ਬਹੁਤ ਘੱਟ ਗਾਇਕ ਸੋਲੋ ਗੀਤ ਗਾਉਂਦੇ ਸੀ, ਦਿਲਸ਼ਾਦ ਅਖ਼ਤਰ ਉਨ੍ਹਾਂ ਵਿੱਚੋਂ ਇੱਕ ਸੀ।ਲੁਧਿਆਣਾ ਰਹਿੰਦੇ ਪੰਜਾਬੀ ਗਾਇਕ ਮੁਖ਼ਤਿਆਰ ਮਣਕਾ ਦੱਸਦੇ ਹਨ ਕਿ ਉਹ ਸਾਲ 1990 ਤੋਂ ਲੈ ਕੇ 1996 ਤੱਕ ਦਿਲਸ਼ਾਦ ਅਖ਼ਤਰ ਦੇ ਸ਼ਗਿਰਦ ਰਹੇ ਸਨ।ਉਹ ਦੱਸਦੇ ਹਨ ਕਿ ਦਿਲਸ਼ਾਦ ਅਖ਼ਤਰ ਦੀ ਯਾਦ ਵਿੱਚ ਉਨ੍ਹਾਂ ਦੇ ਕਰੀਬੀ ਰਹੇ ਲੋਕਾਂ ਵੱਲੋਂ ਹਰ





# ਪਾਕਿਸਤਾਨ ਨੇ ਸਰਬਜੀਤ ਦੇ ਕਤਲ ਦੇ ਮੁਲਜ਼ਮ ’ਤੇ ਹੋਏ ਜਾਨਲੇਵਾ ਹਮਲੇ ਬਾਰੇ ਕੀ ਇਲਜ਼ਾਮ ਲਾਏ



ਪਾਕਿਸਤਾਨ ਵਿੱਚ ਭਾਰਤੀ ਨਾਗਰਿਕ ਸਰਬਜੀਤ ਸਿੰਘ ਦੇ ਕਤਲ ਮਾਮਲੇ ਵਿੱਚ ਮੁਲਜ਼ਮ ਰਹੇ ਵਿਅਕਤੀ ਉੱਤੇ ਲਾਹੌਰ ਵਿੱਚ ਜਾਨਲੇਵਾ ਹਮਲਾ ਹੋਇਆ ਹੈ। ਇਹ ਹਮਲਾ 14 ਅਪ੍ਰੈਲ ਨੂੰ ਹੋਇਆ ਹੈ ਤੇ ਮੁਲਜ਼ਮ ਦਾ ਨਾਮ ਆਮਿਰ ਸਰਫ਼ਰਾਜ਼ ਹੈ। ਪਾਕਿਸਤਾਨ ਨੇ ਇਸ ਹਮਲੇ ਲਈ ਭਾਰਤ ਨੂੰ ਜ਼ਿੰਮੇਵਾਰ ਦੱਸਿਆ ਹੈ। ਆਮਿਰ ਸਰਫਰਾਜ਼ ਨੂੰ ਜ਼ਖਮੀ ਹਾਲਤ ’ਚ ਹਸਤਾਲ ’ਚ ਭਰਤੀ ਕਰਵਾਇਆ ਗਿਆ ਹੈ।ਅਪ੍ਰੈਲ 2013 ’ਚ ਪਾਕਿਸਤਾਨ ਦੇ ਲਾਹੌਰ ਦੀ ਇੱਕ ਜੇਲ੍ਹ ’ਚ ਸਜ਼ਾਯਾਫ਼ਤਾ ਭਾਰਤੀ ਨਾਗਰਿਕ ਸਰਬਜੀਤ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ।ਸਰਬਜੀਤ ਸਿੰਘ ਪਾਕਿਸਤਾਨ ’ਚ ਕਥਿਤ ਜਾਸੂਸੀ ਅਤੇ ਬੰਬ ਧਮਾਕੇ ਦੇ ਇਲਜ਼ਾਮਾਂ ਹੇਠ ਉੱਥੇ ਸਜ਼ਾ ਕੱਟ ਰਹੇ ਸਨ, ਜਦੋਂ ਜੇਲ੍ਹ ਦੇ ਅੰਦਰ ਦੋ ਕੈਦੀਆਂ ਨੇ ਉਨ੍ਹਾਂ ’ਤੇ ਜਾਨਲੇਵਾ ਹਮਲਾ ਕੀਤਾ ਸੀ। ਇਸ ਹਮਲੇ ਤੋਂ ਬਾਅਦ ਸਰਬਜੀਤ ਸਿੰਘ ਦੀ ਹਸਪਤਾਲ ’ਚ ਮੌਤ ਹੋ ਗਈ ਸੀ।ਸਰਬਜੀਤ ਸਿੰਘ ’ਤੇ ਕਾਤਲਾਨਾ ਹਮਲਾ ਕਰਨ ਵਾਲੇ ਦੋ ਕੈਦੀਆਂ ਦੇ ਨਾਮ ਸਨ- ਆਮਿਰ ਸਰਫਰਾਜ਼ ਉਰਫ਼ ਤਾਂਬਾ ਅਤੇ ਮੁਦੱਸਿਰ ਮੁਨੀਰ। ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ’ਚ ਦਾਅਵਾ ਕੀਤਾ ਹੈ ਕਿ ਆਮਿਰ ਸਰਫਰਾਜ਼ ’ਤੇ ਹਮਲੇ ਦੇ ਮਾਮਲੇ ’ਚ ਮਿਲੇ ਸਬੂਤ ਭਾਰਤ ਦੇ ਇਸ ਘਟਨਾ ’ਚ ਸ਼ਾਮਲ ਹੋਣ ਵੱਲ ਇਸ਼ਾਰਾ ਕਰਦੇ ਹਨ। ਮੋਹਸਿਨ ਨਕਵੀ ਨੇ ਕਿਹਾ, ਪਿਛਲੇ ਸਮੇਂ ’ਚ ਭਾਰਤ ਕਤਲ ਦੇ ਕੁਝ ਮਾਮਲਿਆਂ ’ਚ ਸਿੱਧੇ ਤੌਰ ’ਤੇ ਸ਼ਾਮਲ ਰਿਹਾ ਹੈ। ਸਾਨੂੰ ਸ਼ੱਕ ਹੈ ਕਿ ਇਸ ਹਮਲੇ ’ਚ ਵੀ ਭਾਰਤ ਦਾ ਹੱਥ ਸੀ।ਫਿਲਹਾਲ ਜਾਂਚ ਜਾਰੀ ਹੈ ਅਤੇ ਹੁਣ ਤੱਕ ਮਿਲੇ ਸਬੂਤ ਇਸ ਗੱਲ ਵੱਲ ਹੀ ਸੰਕੇਤ ਕਰ ਰਹੇ ਹਨ, ਪਰ ਮੈਂ ਅੰਤਿਮ ਜਾਂਚ ਰਿਪੋਰਟ ਆਉਣ ਤੋਂ ਪਹਿਲਾਂ ਕੁਝ ਵੀ ਪੁਖਤਾ ਤੌਰ ’ਤੇ ਨਹੀਂ ਕਹਿ ਸਕਦਾ ਹਾਂ। ਭਾਰਤ ਸਰਹੱਦ ਪਾਰ ਅਤੀਤ ’ਚ ਹੋਏ ਅਜਿਹੇ ਕਤਲਾਂ ਦੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰਦਾ ਰਿਹਾ ਹੈ।ਆਮਿਰ ਸਰਫਰਾਜ਼ ਦੇ ਭਰਾ ਨੇ ਇਸ ਮਾਮਲੇ ’ਚ ਐਫਆਈਆਰ ਦਰਜ ਕਰਵਾਈ ਹੈ।

**ਆਮਿਰ ਸਰਫਰਾਜ਼ ਉਰਫ਼ ਤਾਂਬਾ ਕੌਣ ਹੈ ?**

ਆਮਿਰ ਸਰਫਰਾਜ਼ ਦਾ ਨਾਮ ਉਸ ਸਮੇਂ ਪਾਕਿਸਤਾਨ ਮੀਡੀਆ ’ਚ ਆਇਆ ਸੀ, ਜਦੋਂ ਸਰਬਜੀਤ ਸਿੰਘ ਦਾ ਕਤਲ ਹੋਇਆ ਸੀ।ਪਾਕਿਸਤਾਨ ਦੀਆਂ ਸਰਕਾਰੀ ਏਜੰਸੀਆਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਸਰਬਜੀਤ ਸਿੰਘ ਨੂੰ ਸਾਲ 1990 ’ਚ ਉਸ ਸਮੇਂ ਗ੍ਰਿਫਤਾਰ ਕੀਤਾ ਸੀ, ਜਦੋਂ ਉਹ ਲਾਹੌਰ ਅਤੇ ਹੋਰ ਇਲਾਕਿਆਂ ’ਚ ਬੰਬ ਧਮਾਕੇ ਕਰਨ ਤੋਂ ਬਾਅਦ ਵਾਹਗਾ ਬਾਰਡਰ ਰਾਹੀਂ ਭਾਰਤ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ।ਪਾਕਿਸਤਾਨ ਦੇ ਅਧਿਕਾਰੀਆਂ ਦੇ ਅਨੁਸਾਰ ਪੁੱਛ-ਗਿੱਛ ਦੌਰਾਨ ਸਰਬਜੀਤ ਸਿੰਘ ਨੇ ਬੰਬ ਧਮਾਕੇ ਦੀ ਸਾਜਿਸ਼ ’ਚ ਸ਼ਾਮਲ ਹੋਣ ਦੀ ਗੱਲ ਕਬੂਲ ਕੀਤੀ ਸੀ, ਜਿਸ ਤੋਂ ਬਾਅਦ ਅੱਤਵਾਦ ਵਿਰੋਧੀ ਅਦਾਲਤ ਨੇ ਉਨ੍ਹਾਂ ਨੂੰ 1991 ’ਚ ਫਾਂਸੀ ਦੀ ਸਜ਼ਾ ਸੁਣਾਈ ਸੀ।ਸਰਬਜੀਤ ਸਿੰਘ ਦਾ ਕਹਿਣਾ ਸੀ ਕਿ ਉਹ ਭਾਰਤ ਦੇ ਸੂਬੇ ਪੰਜਾਬ ਦੇ ਤਰਨਤਾਰਨ ਦੇ ਵਸਨੀਕ ਹਨ ਅਤੇ ਪੇਸ਼ੇ ਵੱਜੋਂ ਕਿਸਾਨ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਗਲਤੀ ਨਾਲ ਸਰਹੱਦ ਪਾਰ ਕਰਕੇ ਪਾਕਿਸਤਾਨ ਪਹੁੰਚ ਗਏ ਸਨ।ਸਰਬਜੀਤ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਉਣ ਦੇ ਅਦਾਲਤੀ ਫੈਸਲੇ ਨੂੰ ਪਹਿਲਾਂ ਲਾਹੌਰ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ ਨੇ ਵੀ ਬਰਕਰਾਰ ਰੱਖਿਆ ਸੀ।ਸਰਬਜੀਤ ਸਿੰਘ ਦੇ ਪਰਿਵਾਰ ਵਾਲਿਆਂ ਨੇ ਉਨ੍ਹਾਂ ਦੀ ਮੁਆਫ਼ੀ ਦੇ ਲਈ ਪਾਕਿਸਤਾਨ ਦੇ ਤਤਕਾਲੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੂੰ ਇੱਕ ਅਰਜ਼ੀ ਦਿੱਤੀ ਸੀ, ਜਿਸ ਨੂੰ ਕਿ ਉਨ੍ਹਾਂ ਨੇ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਮਈ 2008 ’ਚ ਫਾਂਸੀ ਦਿੱਤੀ ਜਾਣੀ ਸੀ, ਪਰ 3 ਮਈ ਨੂੰ ਪਾਕਿਸਤਾਨ ਸਰਕਾਰ ਨੇ ਉਸ ਫਾਂਸੀ ਨੂੰ ਅਸਥਾਈ ਤੌਰ ’ਤੇ ਰੋਕ ਦਿੱਤਾ ਸੀ।ਪੱਤਰਕਾਰ ਮਾਜਿਦ ਨਿਜ਼ਾਮੀ ਦੇ ਅਨੁਸਾਰ, ਉਸ ਸਮੇਂ ਆਮਿਰ ਸਰਫਰਾਜ਼ ਅਤੇ ਮੁਦੱਸਿਰ ਮੁਨੀਰ ਨੂੰ ਸਥਾਨਕ ਅਦਾਲਤ ਨੇ ਕਤਲ ਅਤੇ ਲੁੱਟ-ਖਸੁੱਟ ਦੇ ਮਾਮਲਿਆਂ ’ਚ ਮੌਤ ਦੀ ਸਜ਼ਾ ਸੁਣਾਈ ਸੀ। ਉਹ ਦੋਵੇਂ ਜੇਲ੍ਹ ’ਚ ਆਪਣੀ ਸਜ਼ਾ ਕੱਟ ਰਹੇ ਸਨ ਅਤੇ ਉਨ੍ਹਾਂ ਦਾ ਮਾਮਲਾ ਉੱਚ ਅਦਾਲਤ ’ਚ ਚੱਲ ਰਿਹਾ ਸੀ। ਮਾਜਿਦ ਨਿਜ਼ਾਮੀ ਨੇ ਦੱਸਿਆ, ਸਰਬਜੀਤ ਸਿੰਘ ਦੇ ਕਤਲ ਦੇ ਬਾਰੇ ’ਚ ਉਸ ਸਮੇਂ ਦੇ ਅਧਿਕਾਰੀਆਂ ਨੇ ਦੱਸਿਆ ਸੀ ਕਿ ਦੋ ਕੈਦੀਆਂ ਨੇ ਭੋਜਨ ਖਾਂਦੇ ਹੋਏ ਸਰਬਜੀਤ ਸਿੰਘ ’ਤੇ ਬਲੇਡ ਅਤੇ ਇੱਟਾਂ ਨਾਲ ਹਮਲਾ ਕੀਤਾ ਸੀ। ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਏ ਸਨ। ਇਸ ਹਮਲੇ ਤੋਂ ਬਾਅਦ ਸਰਬਜੀਤ ਸਿੰਘ ਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਨ੍ਹਾਂ ਨੇ ਦਮ ਤੋੜ ਦਿੱਤਾ ਸੀ। ਮਾਜਿਦ ਨਿਜ਼ਾਮੀ ਨੇ ਅੱਗੇ ਦੱਸਿਆ ਕਿ ਇਸ ਤੋਂ ਬਾਅਦ ਆਮਿਰ ਸਰਫਰਾਜ਼ ਅਤੇ ਮੁਦੱਸਿਰ ਮੁਨੀਰ ’ਤੇ ਮੁਕੱਦਮਾ ਚੱਲਿਆ, ਪਰ ਇਸ ਮਾਮਲੇ ’ਚ ਉਨ੍ਹਾਂ ਨੂੰ ਇਸ ਆਧਾਰ ’ਤੇ ਬਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਦੇ ਖਿਲਾਫ ਕੋਈ ਗਵਾਹ ਨਹੀਂ ਸੀ ਅਤੇ ਜਿਸ ਹਥਿਆਰ ਨਾਲ ਕਤਲ ਕੀਤਾ ਗਿਆ, ਉਹ ਵੀ ਨਹੀਂ ਨਹੀਂ ਮਿਲ ਸਕਿਆ।

**ਭਾਰਤੀ ਜੇਲ੍ਹ ’ਚ ਪਾਕਿਸਤਾਨ ਦੇ ਸਨਾਉੱਲ੍ਹਾ ਦਾ ਕਤਲ**

ਮਾਜਿਦ ਨਿਜ਼ਾਮੀ ਦੇ ਅਨੁਸਾਰ, ਇਸ ਦੌਰਾਨ ਭਾਰਤੀ ਜੇਲ੍ਹ ’ਚ ਵੀ ਇੱਕ ਅਜਿਹੀ ਹੀ ਘਟਨਾ ਵਾਪਰੀ, ਜਿਸ ’ਚ ਇੱਕ ਪਾਕਿਸਤਾਨੀ ਨਾਗਰਿਕ ਸਨਾਉੱਲ੍ਹਾ ਦਾ ਜੇਲ੍ਹ ’ਚ ਕਤਲ ਕਰ ਦਿੱਤਾ ਗਿਆ ਸੀ ਅਤੇ ਬਾਅਦ ’ਚ ਇਸ ਕਤਲ ਦੇ ਮੁਲਜ਼ਮ ਨੂੰ ਬਰੀ ਕਰ ਦਿੱਤਾ ਗਿਆ ਸੀ। ਸਨਾਉੱਲ੍ਹਾ ਪਾਕਿਸਤਾਨ ਦੇ ਸਿਆਲਕੋਟ ਦੇ ਵਸਨੀਕ ਸਨ।ਮਾਜਿਦ ਨਿਜ਼ਾਮੀ ਦਾ ਕਹਿਣਾ ਹੈ, ਇਸ ਦੌਰਾਨ ਆਮਿਰ ਸਰਫਰਾਜ਼ ’ਤੇ ਦੂਜੇ ਕਤਲ, ਡਕੈਤੀ ਅਤੇ ਨਸ਼ੀਲੇ ਪਦਾਰਥਾਂ ਸਬੰਧੀ ਮਾਮਲੇ ਜਾਰੀ ਰਹੇ। ਉਨ੍ਹਾਂ ਨੇ ਮੌਤ ਦੀ ਸਜ਼ਾ ਦੇ ਖਿਲਾਫ ਉੱਚ ਅਦਾਲਤ ’ਚ ਅਪੀਲ ਕੀਤੀ ਅਤੇ ਫੈਸਲਾ ਉਨ੍ਹਾਂ ਦੇ ਹੱਕ ’ਚ ਹੋ ਨਿਬੜਿਆ। ਉਹ ਕੁਝ ਹੀ ਸਮਾਂ ਪਹਿਲਾਂ ਰਿਹਾਅ ਹੋ ਕੇ ਜੇਲ੍ਹ ਤੋਂ ਬਾਹਰ ਆਏ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਆਮਿਰ ਸਰਫਰਾਜ਼ ਨੂੰ ਇਲਾਕੇ ’ਚ ਜ਼ਿਆਦਾ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਮੰਨਿਆ ਜਾਣ ਲੱਗਿਆ।ਬੀਬੀਸੀ ਨੂੰ ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ, ਰਿਹਾਈ ਤੋਂ ਬਾਅਦ ਉਨ੍ਹਾਂ ’ਤੇ ਚਾਰ ਵੱਖ-ਵੱਖ ਮੁਕੱਦਮੇ ਲਾਹੌਰ ਦੇ ਚਾਰ ਥਾਣਿਆਂ ’ਚ ਦਰਜ ਹੋਏ ਸਨ। ਇਹ ਮੁਕੱਦਮੇ ਕਤਲ ਦੀ ਕੋਸ਼ਿਸ਼, ਧਮਕੀਆਂ, ਪੁਲਿਸ ਨੂੰ ਧਮਕੀ ਅਤੇ ਹਿੰਸਾ ਦੇ ਸਨ।

**ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਆਮਿਰ ਸਰਫਰਾਜ਼**

ਇੱਕ ਪੁਲਿਸ ਅਧਿਕਾਰੀ ਨੇ ਬੀਬੀਸੀ ਨੂੰ ਦੱਸਿਆ ਕਿ ਰਿਹਾਈ ਤੋਂ ਬਾਅਦ ਆਮਿਰ ਸਰਫਰਾਜ਼ ਨੂੰ ਸੰਭਾਲਣਾ ਮੁਸ਼ਕਲ ਹੋ ਗਿਆ ਸੀ। ਉਸ ’ਤੇ ਜੋ ਮਾਮਲੇ ਦਰਜ ਸਨ, ਉਹ ਉਨ੍ਹਾਂ ’ਚ ਗ੍ਰਿਫਤਾਰੀ ਤੋਂ ਬਾਅਦ ਜ਼ਮਾਨਤ ਲੈ ਲੈਂਦੇ ਸੀ।ਪੱਤਰਕਾਰ ਫ਼ੈਜ਼ੁਲਲ੍ਹਾ ਦੇ ਅਨੁਸਾਰ, ਆਮਿਰ ਸਰਫਰਾਜ਼ ’ਤੇ ਹੋਣ ਵਾਲਾ ਹਮਲਾ ਪਿਛਲੇ ਹਮਲਿਆ ਤੋਂ ਵੱਖਰਾ ਸੀ, ਜਿਨ੍ਹਾਂ ’ਚ ਗੈਰ-ਕਾਨੂੰਨੀ ਕਰਾਰ ਦਿੱਤੇ ਗਏ ਸੰਗਠਨਾਂ ਦੇ ਮੈਂਬਰ ਮਾਰੇ ਗਏ ਸਨ।ਉਨ੍ਹਾਂ ਕਿਹਾ ਕਿ ਉਨ੍ਹਾਂ ਹਮਲਿਆਂ ’ਚ ਵੇਖਿਆ ਗਿਆ ਕਿ ਉਹ ਕਤਲ ਸੁਰੱਖਿਅਤ ਢੰਗ ਨਾਲ ਕੀਤੇ ਗਏ ਸਨ, ਭਾਵ ਜ਼ਿਆਦਾਤਰ ਕਤਲ ਮਸਜਿਦਾਂ ’ਚ ਨਮਾਜ਼ ਅਦਾ ਕਰਦਿਆਂ ਜਾਂ ਘਰ ਦੇ ਬਾਹਰ ਸੁਰੱਖਿਅਤ ਤਰੀਕੇ ਨਾਲ।ਉਨ੍ਹਾਂ ਦਾ ਕਹਿਣਾ ਸੀ ਕਿ ਆਮਿਰ ਸਰਫਰਾਜ਼ ’ਤੇ ਘਰ ’ਚ ਵੜ੍ਹ ਕੇ ਜਾਨਲੇਵਾ ਹਮਲਾ ਕੀਤਾ ਗਿਆ ਹੈ, ਜੋ ਕਿ ਇੱਕ ਵੱਡੀ ਵਾਰਦਾਤ ਹੈ।ਇਸ ਵਾਰਦਾਤ ਦਾ ਤਰੀਕਾ ਗੈਂਗਵਾਰ ’ਚ ਹੋਣ ਵਾਲੀਆਂ ਵਾਰਦਾਤਾਂ ਵਰਗਾ ਹੈ, ਜਿਸ ’ਚ ਮੁਲਜ਼ਮ ਕਿਸੇ ਵੀ ਤਰ੍ਹਾਂ ਦੀ ਪਰਵਾਹ ਕੀਤੇ ਬਿਨ੍ਹਾਂ ਵਾਰਦਾਤ ਨੂੰ ਅੰਜਾਮ ਦਿੰਦੇ ਹਨ। ਅਜਿਹੇ ਮਾਮਲਿਆਂ ’ਚ ਅਜਿਹੀ ਥਾਂ ’ਤੇ ਹਮਲਾ ਕੀਤਾ ਜਾਂਦਾ ਹੈ ਜਿੱਥੇ ਉਹ ਖੁਦ ਨੂੰ ਬਹੁਤ ਹੀ ਸੁਰੱਖਿਅਤ ਮਹਿਸੂਸ ਕਰਦੇ ਹਨ।



## 1990 ਤੋਂ ਪਾਕਿਸਤਾਨ ਦੀ ਕੈਦ ’ਚ ਸਨ ਸਰਬਜੀਤ ਸਿੰਘ

ਸਰਬਜੀਤ ਸਿੰਘ ਸਾਲ 1990 ’ਚ ਪਾਕਿਸਤਾਨ ’ਚ ਕਥਿਤ ਜਾਸੂਸੀ ਅਤੇ ਬੰਬ ਧਮਾਕੇ ਦੇ ਮਾਮਲੇ ’ਚ ਹਿਰਾਸਤ ’ਚ ਲਏ ਗਏ ਸਨ। 1990 ਤੋਂ 2012 ਤੱਕ ਸਰਬਜੀਤ ਸਿੰਘ ਨੂੰ ਰਿਹਾਅ ਕਰਵਾਉਣ ਦੇ ਲਈ ਕਈ ਯਤਨ ਕੀਤੇ ਗਏ, ਪਰ ਇਹ ਕੋਸ਼ਿਸ਼ਾਂ ਸਫਲ ਨਾ ਹੋਈਆਂ।ਸਰਬਜੀਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।ਅਪ੍ਰੈਲ 2013 ’ਚ ਲਾਹੌਰ ਦੀ ਕੋਟ ਲਖਪਤ ਜੇਲ੍ਹ ’ਚ ਸਰਬਜੀਤ ਸਿੰਘ ’ਤੇ ਇੱਟ ਅਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ ਸੀ।ਇਸ ਹਮਲੇ ’ਚ ਸਰਬਜੀਤ ਸਿੰਘ ਗੰਭੀਰ ਜ਼ਖਮੀ ਹੋਏ ਅਤੇ ਉਹ ਕੋਮਾ ’ਚ ਚਲੇ ਗਏ। ਲਾਹੌਰ ਦੇ ਜਿਨਾਹ ਹਸਪਤਾਲ ’ਚ ਉਹ ਜ਼ੇਰੇ ਇਲਾਜ ਸਨ ਅਤੇ ਇਸ ਦੌਰਾਨ ਹੀ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ।ਸਰਬਜੀਤ ਸਿੰਘ ਦੇ ਕਤਲ ਦਾ ਇਲਜ਼ਾਮ ਦੋ ਕੈਦੀਆਂ ਆਮਿਰ ਸਰਫਰਾਜ਼ ਅਤੇ ਉਨ੍ਹਾਂ ਦੇ ਸਾਥੀ ਮੁਦੱਸਿਰ ਮੁਨੀਰ ’ਤੇ ਲਗਾਇਆ ਗਿਆ ਸੀ। ਲਾਹੌਰ ਦੀ ਸਥਾਨਕ ਅਦਾਲਤ ਨੇ ਇਨ੍ਹਾਂ ਦੋਵਾਂ ਮੁਲਜ਼ਮਾਂ ਨੂੰ ਸਾਲ 2018 ’ਚ ਗਵਾਹੀ ਦੀ ਘਾਟ ਕਰਕੇ ਬਰੀ ਕਰ ਦਿੱਤਾ ਸੀ।ਸਰਬਜੀਤ ਸਿੰਘ ਦੇ ਕਤਲ ਮਾਮਲੇ ਨੇ ਭਾਰਤ-ਪਾਕਿ ਦੁਵੱਲੇ ਸਬੰਧਾਂ ’ਚ ਤਣਾਅ ਹੋਰ ਵਧਾ ਦਿੱਤਾ ਸੀ।ਆਮਿਰ ਸਰਫਰਾਜ਼ ਦੇ ਭਰਾ ਜੁਨੈਦ ਸਰਫਰਾਜ਼ ਵੱਲੋਂ ਦਰਜ ਕਰਵਾਈ ਗਈ ਐਫਆਈਆਰ ਮੁਤਾਬਕ, ਜਿਸ ਮੌਕੇ ਹਮਲਾ ਹੋਇਆ ਉਦੋਂ ਆਮਿਰ ਘਰ ’ਚ ਹੀ ਸਨ।ਜੁਨੈਦ ਸਰਫਰਾਜ਼ ਨੇ ਦੱਸਿਆ, ਮੈਂ ਹੇਠਲੇ ਹਿੱਸੇ ’ਚ ਸੀ ਅਤੇ ਉਪਰਲੇ ਹਿੱਸੇ ਦਾ ਦਰਵਾਜ਼ਾਂ ਬਾਹਰੋਂ ਖੁੱਲ੍ਹਿਆ ਹਇਆ ਸੀ। ਦੋ ਅਣਪਛਾਤੇ ਮੋਟਰਸਾਈਕਲ ਸਵਾਰ ਆਏ। ਉਨ੍ਹਾਂ ’ਚੋਂ ਇੱਕ ਨੇ ਹੈਲਮੇਟ ਪਾਇਆ ਹੋਇਆ ਸੀ ਅਤੇ ਦੂਜੇ ਨੇ ਮਾਸਕ ਪਾਇਆ ਹੋਇਆ ਸੀ। ਦੋਵੇਂ ਉਪਰਲੇ ਹਿੱਸੇ ’ਚ ਗਏ ਅਤੇ ਆਮਿਰ ਸਰਫਰਾਜ਼ ’ਤੇ ਤਿੰਨ ਗੋਲੀਆਂ ਚਲਾਈਆਂ। ਮਾਮਲਾ ਦਰਜ ਕਰਨ ਵਾਲੇ ਪੁਲਿਸ ਅਧਿਕਾਰੀ ਸੱਜਾਦ ਹੁਸੈਨ ਨੇ ਬੀਬੀਸੀ ਨੂੰ ਫੋਨ ’ਤੇ ਦੱਸਿਆ ਹੈ ਕਿ ਉਹ ਮੌਕੇ ਵਾਲੀ ਥਾਂ ’ਤੇ ਮੌਜੂਦ ਨਹੀਂ ਸਨ, ਇਸ ਲਈ ਉਨ੍ਹਾਂ ਨੂੰ ਆਮਿਰ ਸਰਫਰਾਜ਼ ਦੀ ਸਥਿਤੀ ਦੇ ਬਾਰੇ ’ਚ ਜਾਣਕਾਰੀ ਨਹੀਂ ਹੈ।ਥਾਣਾ ਇਸਲਾਮਪੁਰ ਦੇ ਇੱਕ ਹੋਰ ਅਧਿਕਾਰੀ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਸਬੰਧ ’ਚ ਹੋਰ ਜਾਣਕਾਰੀ ਨਹੀਂ ਹੈ।

## ਭਾਰਤ ’ਤੇ ਪਹਿਲਾਂ ਵੀ ਲੱਗ ਚੁੱਕੇ ਹਨ ਇਲਜ਼ਾਮ

ਇਹ ਪਹਿਲੀ ਵਾਰ ਨਹੀਂ ਹੈ ਕਿ ਜਦੋਂ ਪਾਕਿਸਤਾਨ ’ਚ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਪਿੱਛੇ ਭਾਰਤ ਦੀ ਸ਼ਮੂਲੀਅਤ ਦੀ ਗੱਲ ਕਹੀ ਗਈ ਹੋਵੇ।ਪਿਛਲੇ ਦੋ ਸਾਲਾਂ ’ਚ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ’ਚ ਪਾਕਿਸਤਾਨ ’ਚ ਕੱਟੜਪੰਥੀਆਂ ਦਾ ਰਹੱਸਮਈ ਢੰਗ ਨਾਲ ਕਤਲ ਕੀਤਾ ਗਿਆ ਹੈ। ਮਾਰੇ ਗਏ ਲੋਕ ਜਿਨ੍ਹਾਂ ਸੰਗਠਨਾਂ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਦਾ ਇਲਜ਼ਾਮ ਹੈ ਕਿ ਇਸ ਪਿੱਛੇ ਭਾਰਤ ਦਾ ਹੱਥ ਹੈ।ਬ੍ਰਿਟੇਨ ਦੇ ਅਖ਼ਬਾਰ ‘ਦ ਗਾਰਡੀਅਨ’ ਨੇ ਆਪਣੀ ਤਾਜ਼ਾ ਰਿਪੋਰਟ ’ਚ ਇਹ ਦਾਅਵਾ ਕੀਤਾ ਹੈ ਕਿ ਭਾਰਤ ‘ਵਿਦੇਸ਼ੀ ਧਰਤੀ ’ਤੇ ਰਹਿਣ ਵਾਲੇ ਦੇਸ਼ ਵਿਰੋਧੀ ਤੱਤਾਂ’ ਨੂੰ ਖ਼ਤਮ ਕਰਨ ਦੀ ਇੱਕ ਵਿਆਪਕ ਰਣਨੀਤੀ ’ਤੇ ਚੱਲ ਰਿਹਾ ਹੈ।‘ਦ ਗਾਰਡੀਅਨ’ ਦੇ ਅਨੁਸਾਰ ਇਸ ਸਿਲਸਿਲੇ ’ਚ ਭਾਰਤ ਨੇ ਸਾਲ 2020 ਤੋਂ ਹੁਣ ਤੱਕ ਪਾਕਿਸਤਾਨ ’ਚ ਕਈ ਕਾਰਵਾਈਆਂ ਨੂੰ ਅੰਜਾਮ ਦਿੱਤਾ ਹੈ।ਇਸ ਰਿਪੋਰਟ ਦੇ ਬਾਰੇ ’ਚ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਤੋਂ ਜਦੋਂ ਇੱਕ ਇੰਟਰਵਿਊ ਦੌਰਾਨ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ਗੱਲ ਦੀ ਪੁਸ਼ਟੀ ਜਾਂ ਖੰਡਨ ਨਹੀਂ ਕੀਤਾ।ਪਰ ਉਨ੍ਹਾਂ ਨੇ ਇਹ ਜ਼ਰੂਰ ਕਿਹਾ, ਜੇਕਰ ਕਿਸੇ ਗੁਆਂਢੀ ਮੁਲਕ ਦਾ ਕੋਈ ਅੱਤਵਾਦੀ ਭਾਰਤ ਨੂੰ ਪਰੇਸ਼ਾਨ ਕਰਨ ਜਾਂ ਇੱਥੇ ਅੱਤਵਾਦੀ ਕਾਰਵਾਈ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਢੁਕਵਾਂ ਜਵਾਬ ਦਿੱਤਾ ਜਾਵੇਗਾ।

# ਬਰਤਾਨਵੀ ਸੰਸਦ ’ਚ 1984 ਦੇ ਸਿੱਖ ਕਤਲੇਆਮ ਦਾ ਜ਼ਿਕਰ ਭਾਰਤ ’ਚ ਧਾਰਮਿਕ ਅਜ਼ਾਦੀ ’ਤੇ ਚਰਚਾ ਵੇਲੇ ਕਿਉਂ ਹੋਇਆ



ਬਰਤਾਨੀਆ ਦੀ ਸੰਸਦ ਵਿੱਚ ‘ਮਣੀਪੁਰ ਅਤੇ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਮੌਜੂਦਾ ਸਥਿਤੀ’ ਦਾ ਮੁੱਦਾ ਚੁੱਕਿਆ ਗਿਆ। ਵਿਨਚੈਸਟਰ ਦੇ ਲਾਰਡ ਬਿਸ਼ਪ ਦੇ ਇੱਕ ਸਵਾਲ ਦੇ ਜਵਾਬ ਵਿੱਚ ਬਰਤਾਨੀਆ ਦੇ ਵਿਦੇਸ਼ ਮੰਤਰੀ ਡੇਵਿਡ ਕੈਮਰਨ ਨੇ ਹਾਊਸ ਆਫ਼ ਲਾਰਡਜ਼ ਦੇ ਮੈਂਬਰਾਂ ਨੂੰ ਸੰਬੋਧਿਤ ਹੁੰਦੇ ਕਿਹਾ ਕਿ ਭਾਰਤ ਆਪਣੇ ਸੰਵਿਧਾਨ ਜ਼ਰੀਏ ਧਾਰਮਿਕ ਆਜ਼ਾਦੀ ਅਤੇ ਵਿਸ਼ਵਾਸ ਲਈ ਵਚਨਬੱਧ ਹੈ। ਦਰਅਸਲ, ਲਾਰਡ ਬਿਸ਼ਪ ਆਫ਼ ਵਿਨਚੈਸਟਰ ਨੇ ਸਰਕਾਰ ਨੂੰ ਇਹ ਪੁੱਛਿਆ ਸੀ ਕਿ ਬਰਤਾਨੀਆ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਮੌਜੂਦਾ ਸਥਿਤੀ ਦਾ ਕਿਸ ਤਰ੍ਹਾਂ ਨਾਲ ਮੁਲਾਂਕਣ ਕਰਦਾ ਹੈ।ਇਸ ’ਤੇ ਡੇਵਿਡ ਕੈਮਰਨ ਨੇ ਕਿਹਾ, “ਭਾਰਤ ਇੱਕ ਬਹੁ-ਧਰਮੀ ਅਤੇ ਬਹੁ-ਨਸਲੀ ਲੋਕਤੰਤਰ ਹੈ। ਇਹ ਦੁਨੀਆਂ ਦੇ ਸਭ ਤੋਂ ਵੱਧ ਵਿਭਿੰਨਤਾ ਵਾਲੇ ਧਾਰਮਿਕ ਸਮਾਜਾਂ ਵਿੱਚ ਸ਼ੁਮਾਰ ਹੈ। ਇੱਥੇ 96 ਕਰੋੜ 60 ਲੱਖ ਹਿੰਦੂ, 17 ਕਰੋੜ 20 ਲੱਖ ਮੁਸਲਮਾਨ, ਦੋ ਕਰੋੜ ਅੱਸੀ ਲੱਖ ਇਸਾਈ, ਦੋ ਕਰੋੜ ਸਿੱਖ, 80 ਲੱਖ ਬੋਧੀ ਅਤੇ 45 ਲੱਖ ਜੈਨੀ ਰਹਿੰਦੇ ਹਨ।”ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਹੁਣ ਵਿਦੇਸ਼ ਮੰਤਰਾਲਾ ਅਤੇ ਰਾਸ਼ਟਰਮੰਡਲ ਦੇਸ਼ਾਂ ਨਾਲ ਸਬੰਧਿਤ ਵਿਭਾਗ ਦੀ ਜ਼ਿੰਮੇਵਾਰੀ ਸੰਭਾਲ ਰਹੇ ਡੇਵਿਡ ਕੈਮਰਨ ਨੇ ਕਿਹਾ, “ਇਸ ਸਬੰਧ ਵਿੱਚ ਕੋਈ ਖ਼ਾਸ ਮੁੱਦਾ ਜਾਂ ਚਿੰਤਾ ਪੈਦਾ ਹੁੰਦੀ ਹੈ ਤਾਂ ਬਰਤਾਨੀਆ ਦੀ ਸਰਕਾਰ ਬਿਨਾਂ ਸ਼ੱਕ ਭਾਰਤ ਸਰਕਾਰ ਸਾਹਮਣੇ ਇਹ ਮੁੱਦਾ ਉਠਾਉਂਦੀ ਹੈ।”

**ਮਣੀਪੁਰ ਦਾ ਜ਼ਿਕਰ**

ਲਾਰਡ ਬਿਸ਼ਪ ਆਫ ਵਿੰਚੈਸਟਰ ਨੇ ਡੇਵਿਡ ਕੈਮਰਨ ਦੇ ਸ਼ੁਰੂਆਤੀ ਜਵਾਬ ਦੇ ਬਾਅਦ ਮਣੀਪੁਰ ਦਾ ਜ਼ਿਕਰ ਕੀਤਾ।ਉਨ੍ਹਾਂ ਨੇ ਕਿਹਾ, “ਭਾਰਤ ਦੇ ਮਣੀਪੁਰ ਸੂਬੇ ਵਿੱਚ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੀਆਂ ਪਰੇਸ਼ਾਨ ਕਰਨ ਵਾਲੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ ਜਿਸ ਨੂੰ ‘ਇੰਟਰਨੈਸ਼ਨਲ ਰੀਲਿਜਿਅਸ ਫ੍ਰੀਡਮ ਆਫ਼ ਬਿਲੀਫ਼ ਅਲਾਇੰਸ’ ਨੇ ਰੇਖਾਂਕਿਤ ਹੈ।“ਬਰਤਾਨੀਆ ਇਸ ਅਲਾਇੰਸ ਦਾ ਇੱਕ ਮੈਂਬਰ ਦੇਸ਼ ਹੈ ਅਤੇ ਸੰਸਦ ਮੈਂਬਰ ਫਿਯੋਨਾ ਬਰੂਸ ਇਸ ਸਬੰਧੀ ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਦੂਤ ਹਨ।”ਇਸ ਦੇ ਨਾਲ ਹੀ ਲਾਰਡ ਬਿਸ਼ਪ ਆਫ਼ ਵਿੰਚੈਸਟਰ ਨੇ ‘ਇੰਟਰਨੈਸ਼ਨਲ ਰੀਲਿਜਿਅਸ ਫ੍ਰੀਡਮ ਆਫ਼ ਬਿਲੀਫ਼ ਅਲਾਇੰਸ’ ਵਿੱਚ ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਦੂਤ ਦੀ ਕੌਮਾਂਤਰੀ ਭੂਮਿਕਾ ਨੂੰ ਵਧਾਉਣ ਨਾਲ ਸਬੰਧਿਤ ਕਾਨੂੰਨ ਨੂੰ ਲੈ ਕੇ ਸਰਕਾਰ ਦੇ ਸਮਰਥਨ ਦਾ ਸਵਾਲ ਵੀ ਪੁੱਛਿਆ।ਇਸ ਅਲਾਇੰਸ ਵਿੱਚ ਫਿਲਹਾਲ ਬਰਤਾਨੀਆ, ਅਮਰੀਕਾ, ਆਸਟਰੇਲੀਆ, ਜਰਮਨੀ ਸਮੇਤ 38 ਦੇਸ਼ ਹਨ। ਭਾਰਤ ਇਸ ਅਲਾਇੰਸ ਦਾ ਹਿੱਸਾ ਨਹੀਂ ਹੈ।ਬਿਲ ਨੂੰ ਲੈ ਕੇ ਲਾਰਡ ਬਿਸ਼ਪ ਦੇ ਸਵਾਲ ’ਤੇ ਡੇਵਿਡ ਕੈਮਰਨ ਨੇ ਆਪਣਾ ਸਮਰਥਨ ਪ੍ਰਗਟਾਇਆ।

**ਲਾਰਡ ਸਿੰਘ ਆਫ਼ ਵਿੰਬਲਡਨ ਨੇ ਕੀ ਕਿਹਾ ?**

ਲਾਰਡ ਬਿਸ਼ਪ ਆਫ਼ ਵਿੰਚੈਸਟਰ ਦੇ ਬਾਅਦ ਲਾਰਡ ਸਿੰਘ ਆਫ਼ ਵਿੰਬਲਡਨ ਨੇ ਇਸ ਬਹਿਸ ’ਤੇ ਚਰਚਾ ਦੌਰਾਨ 1984 ਦੇ ਸਿੱਖ ਕਤਲੇਆਮ ਅਤੇ ਅਯੁੱਧਿਆ ਦੇ ਮੁੱਦੇ ਦਾ ਜ਼ਿਕਰ ਕੀਤਾ।ਉਨ੍ਹਾਂ ਨੇ ਵਿਦੇਸ਼ ਮੰਤਰੀ ਨੂੰ ਇਹ ਵੀ ਪੁੱਛਿਆ ਕਿ ਭਾਰਤ ਰਾਸ਼ਟਰਮੰਡਲ ਦਾ ਮੈਂਬਰ ਦੇਸ਼ ਹੈ ਅਤੇ ਕੀ ਕਾਮਨਵੈਲਥ ਚਾਰਟਰ ਵਿੱਚ ਧਾਰਮਿਕ ਆਜ਼ਾਦੀ ਨੂੰ ਪ੍ਰਮੁੱਖਤਾ ਨਹੀਂ ਦਿੱਤੀ ਜਾਣੀ ਚਾਹੀਦੀ।

**ਇਸ ਮਹੀਨੇ ਪ੍ਰਧਾਨ ਮੰਤਰੀ ਮੋਦੀ ਨੇ ਕੀ ਕਿਹਾ ਸੀ**

ਪ੍ਰਧਾਨ ਮੰਤਰੀ ਮੋਦੀ ਨੇ ਅਪ੍ਰੈਲ ਦੇ ਦੂਜੇ ਹਫ਼ਤੇ ਵਿੱਚ ਮਣੀਪੁਰ ਦੇ ਮੁੱਦੇ ’ਤੇ ਕਿਹਾ ਸੀ ਕਿ ਕੇਂਦਰ ਸਰਕਾਰ ਵੱਲੋਂ ਸਮੇਂ ਸਿਰ ਦਖ਼ਲ ਦੇਣ ਅਤੇ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਕਾਰਨ ਉੱਤਰ-ਪੂਰਬ ਦੇ ਇਸ ਸੂਬੇ ਦੇ ਹਾਲਾਤ ਵਿੱਚ ਸੁਧਾਰ ਆਇਆ ਹੈ।‘ਦਿ ਅਸਮ ਟ੍ਰਿਬਿਊਨ’ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ, “ਸਾਡਾ ਮੰਨਣਾ ਹੈ ਕਿ ਹਾਲਾਤ ਨਾਲ ਸੰਵੇਦਨਸ਼ੀਲਤਾ ਨਾਲ ਨਜਿੱਠਣਾ ਸਭ ਦੀ ਸਮੂਹਿਕ ਜ਼ਿੰਮੇਵਾਰੀ ਹੈ। ਮੈਂ ਇਸ ਬਾਰੇ ਸੰਸਦ ਵਿੱਚ ਪਹਿਲਾਂ ਵੀ ਕਿਹਾ ਹੈ। ਅਸੀਂ ਆਪਣੇ ਸਭ ਤੋਂ ਚੰਗੇ ਸਰੋਤਾਂ, ਪ੍ਰਸ਼ਾਸਨ ਨੂੰ ਇਸ ਸੰਘਰਸ਼ ਨੂੰ ਸੁਲਝਾਉਣ ਵਿੱਚ ਲਾਇਆ ਹੋਇਆ ਹੈ।”ਪ੍ਰਧਾਨ ਮੰਤਰੀ ਨੇ ਕਿਹਾ, “ਭਾਰਤ ਸਰਕਾਰ ਦੇ ਦਖਲ ਅਤੇ ਰਾਜ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਵਜ੍ਹਾ ਨਾਲ ਰਾਜ ਵਿੱਚ ਹਾਲਾਤ ਸੁਧਰੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਮਣੀਪੁਰ ਵਿੱਚ ਉਦੋਂ ਰੁਕੇ, ਜਦੋਂ ਸੰਘਰਸ਼ ਆਪਣੇ ਸਿਖਰ ’ਤੇ ਸੀ। “ਇਸ ਸੰਘਰਸ਼ ਨਾਲ ਜੁੜੇ ਪੱਖਾਂ ਨਾਲ ਸ਼ਾਹ ਨੇ 15 ਤੋਂ ਜ਼ਿਆਦਾ ਮੀਟਿੰਗਾਂ ਕੀਤੀਆਂ। ਰਾਜ ਸਰਕਾਰ ਨੂੰ ਜੋ ਵੀ ਮਦਦ ਚਾਹੀਦੀ ਹੁੰਦੀ ਹੈ, ਕੇਂਦਰ ਸਰਕਾਰ ਮੁਹੱਈਆ ਕਰਵਾਉਂਦੀ ਹੈ।”ਮਣੀਪੁਰ ਵਿੱਚ ਪਿਛਲੇ ਸਾਲ ਮਈ ਤੋਂ ਹਿੰਸਾ ਸ਼ੁਰੂ ਹੋਈ ਸੀ ਅਤੇ ਹੁਣ ਤੱਕ ਲਗਭਗ 200 ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਹ ਹਿੰਸਾ ਮੈਤੇਈ ਅਤੇ ਕੁਕੀ ਭਾਈਚਾਰੇ ਦੇ ਲੋਕਾਂ ਵਿਚਕਾਰ ਹੋਈ ਹੈ।ਹਜ਼ਾਰਾਂ ਲੋਕਾਂ ਨੂੰ ਆਪਣਾ ਘਰ ਛੱਡ ਕੇ ਬਾਹਰ ਰਹਿਣਾ ਪੈ ਰਿਹਾ ਹੈ।ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, “ਰਾਹਤ ਅਤੇ ਪੁਨਰਵਾਸ ਦੀ ਪ੍ਰਕਿਰਿਆ ਚੱਲ ਰਹੀ ਹੈ। ਸ਼ਰਣਾਰਥੀ ਕੈਂਪ ਵਿੱਚ ਰਹਿ ਰਹੇ ਲੋਕਾਂ ਲਈ ਵਿੱਤੀ ਪੈਕੇਜ ਵੀ ਮੁਹੱਈਆ ਕਰਾਇਆ ਗਿਆ ਹੈ।”ਪਿਛਲੇ ਸਾਲ ਲੋਕ ਸਭਾ ਵਿੱਚ ਅਵਿਸ਼ਵਾਸ ਪ੍ਰਸਤਾਵ ’ਤੇ ਹੋਈ ਬਹਿਸ ਦੇ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਸੰਸਦ ਵਿੱਚ ਮਣੀਪੁਰ ’ਤੇ ਗੱਲ ਕੀਤੀ ਸੀ।ਪ੍ਰਧਾਨ ਮੰਤਰੀ ਨੇ ਉਦੋਂ ਕਿਹਾ ਸੀ, “ਮੈਂ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਯਤਨ ਚੱਲ ਰਹੇ ਹਨ, ਸ਼ਾਂਤੀ ਦਾ ਸੂਰਜ ਜ਼ਰੂਰ ਉੱਗੇਗਾ।”ਪ੍ਰਧਾਨ ਮੰਤਰੀ ਨੇ ਕਿਹਾ ਸੀ, “ਮੈਂ ਮਣੀਪੁਰ ਦੇ ਲੋਕਾਂ ਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ। ਉੱਥੋਂ ਦੀਆਂ ਮਾਵਾਂ ਅਤੇ ਬੇਟੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਦੇਸ਼ ਤੁਹਾਡੇ ਨਾਲ ਹੈ। ਇਹ ਸਦਨ ਤੁਹਾਡੇ ਨਾਲ ਹੈ।“ਅਸੀਂ ਸਾਰੇ ਮਿਲ ਕੇ ਇਸ ਚੁਣੌਤੀ ਦਾ ਹੱਲ ਕੱਢਾਂਗੇ। ਉੱਥੇ ਫਿਰ ਤੋਂ ਸ਼ਾਂਤੀ ਹੋਵੇਗੀ।”ਮਣੀਪੁਰ ਹਾਈਕੋਰਟ ਨੇ 27 ਮਾਰਚ 2023 ਨੂੰ ਆਪਣੇ ਇੱਕ ਫੈਸਲੇ ਵਿੱਚ ਰਾਜ ਸਰਕਾਰ ਨੂੰ ਮੈਤੇਈ ਭਾਈਚਾਰੇ ਨੂੰ ਅਨੁਸੂਚਿਤ ਜਨਜਾਤੀ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਗੱਲ ’ਤੇ ਛੇਤੀ ਵਿਚਾਰ ਕਰਨ ਨੂੰ ਕਿਹਾ ਸੀ।ਇਸ ਫੈਸਲੇ ਦੇ ਕੁਝ ਦਿਨ ਬਾਅਦ ਹੀ ਰਾਜ ਵਿੱਚ ਜਾਤੀ ਹਿੰਸਾ ਭੜਕ ਗਈ ਸੀ ਅਤੇ ਕਈ ਲੋਕਾਂ ਦੀ ਜਾਨ ਵੀ ਗਈ।ਫਰਵਰੀ 2024 ਵਿੱਚ ਮਣੀਪੁਰ ਹਾਈਕੋਰਟ ਨੇ ਪਿਛਲੇ ਆਦੇਸ਼ ਵਿੱਚੋਂ ਉਸ ਅੰਸ਼ ਨੂੰ ਹਟਾ ਦਿੱਤਾ ਹੈ ਜਿਸ ਵਿੱਚ ਮੈਤੇਈ ਭਾਈਚਾਰੇ ਲਈ ਅਨੁਸੂਚਿਤ ਜਨਜਾਤੀ ਦਾ ਦਰਜਾ ਦੇਣ ਦੀ ਸਿਫਾਰਸ਼ ਦਾ ਜ਼ਿਕਰ ਸੀ।ਪ੍ਰਧਾਨ ਮੰਤਰੀ ਮੋਦੀ ਨੇ ਅਖ਼ਬਾਰ ਨੂੰ ਕਿਹਾ, “ਅੱਜ ਨਾਰਥ ਈਸਟ ਨਾ ਦਿੱਲੀ ਤੋਂ ਦੂਰ ਹੈ ਅਤੇ ਨਾ ਹੀ ਦਿਲ ਤੋਂ ਦੂਰ ਹੈ।”

## ਡੇਵਿਡ ਕੈਮਰਨ ਦਾ ਜਵਾਬ

ਬਰਤਾਨੀਆ ਦੇ ਵਿਦੇਸ਼ ਮੰਤਰੀ ਨੇ ਲਾਰਡ ਸਿੰਘ ਆਫ਼ ਵਿੰਬਲਡਨ ਦੇ ਸਵਾਲ ਦੇ ਜਵਾਬ ਵਿੱਚ ਆਪਣੀ ਅੰਮ੍ਰਿਤਸਰ ਯਾਤਰਾ ਦਾ ਜ਼ਿਕਰ ਕੀਤਾ।ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਗੱਲ ’ਤੇ ਉਨ੍ਹਾਂ ਨੇ ਕਿਹਾ, “ਇਹ ਮਹੱਤਵਪੂਰਨ ਹੈ ਕਿ ਅਸੀਂ ਇਹ ਸਵੀਕਾਰ ਕਰੀਏ ਕਿ ਜੋ ਕੁਝ 1984 ਵਿੱਚ ਹੋਇਆ ਸੀ, ਉਹ ਕਿੰਨਾ ਗ਼ਲਤ ਸੀ।”ਧਾਰਮਿਕ ਆਜ਼ਾਦੀ ਦੇ ਮੁੱਦੇ ’ਤੇ ਡੇਵਿਡ ਕੈਮਰਨ ਨੇ ਕਿਹਾ, “ਲਾਰਡ ਸਿੰਘ ਆਫ ਵਿੰਬਲਡਨ ਨੇ ਭਾਰਤ ਵਿੱਚ ਧਾਰਮਿਕ ਆਜ਼ਾਦੀ ਅਤੇ ਧਾਰਮਿਕ ਸਹਿਣਸ਼ੀਲਤਾ ਦੀ ਅਹਿਮੀਅਤ ਬਾਰੇ ਅਹਿਮ ਗੱਲਾਂ ਕਹੀਆਂ ਹਨ। ਅਜਿਹੇ ਮੌਕੇ ਆਏ ਹਨ ਜਦੋਂ ਅਸੀਂ ਭਾਰਤ ਸਰਕਾਰ ਦੇ ਸਾਹਮਣੇ ਇਨ੍ਹਾਂ ਮੁੱਦਿਆਂ ਨੂੰ ਉਠਾਇਆ ਹੈ। ਇਹ ਜਾਰੀ ਰਹਿਣਾ ਚਾਹੀਦਾ ਹੈ।”ਵਿਦੇਸ਼ ਮੰਤਰੀ ਨੇ ਆਪਣੇ ਜਵਾਬ ਵਿੱਚ ਮਣੀਪੁਰ ਦਾ ਵੀ ਜ਼ਿਕਰ ਕੀਤਾ।ਉਨ੍ਹਾਂ ਨੇ ਕਿਹਾ, “ਮੂਲ ਸਵਾਲ ਮਣੀਪੁਰ ਦੇ ਹਾਲਾਤ ਬਾਰੇ ਸੀ। ਇਹ ਸੱਚ ਹੈ ਕਿ ਸਾਨੂੰ ਇਸ ਤਰ੍ਹਾਂ ਨਾਲ ਕਿਸੇ ਝਗੜੇ ਵਿੱਚ ਧਾਰਮਿਕ ਆਜ਼ਾਦੀ ਦੇ ਪਹਿਲੂ ਨੂੰ ਘੱਟ ਕਰਕੇ ਨਹੀਂ ਦੇਖਣਾ ਚਾਹੀਦਾ। “ਕਦੇ-ਕਦੇ ਇਹ ਫਿਰਕੂ ਹੋ ਜਾਂਦਾ ਹੈ, ਕਦੇ ਜਨਜਾਤੀ ਜਾਂ ਨਸਲੀ ਵਿਵਾਦ ਹੋ ਜਾਂਦਾ ਹੈ, ਪਰ ਜ਼ਿਆਦਾਤਰ ਮਾਮਲਿਆਂ ਵਿੱਚ ਇਸ ਦਾ ਇੱਕ ਧਾਰਮਿਕ ਪਹਿਲੂ ਹੁੰਦਾ ਹੈ। ਸਾਨੂੰ ਇਸ ਨੂੰ ਲੈ ਕੇ ਸਪੱਸ਼ਟ ਰਹਿਣਾ ਚਾਹੀਦਾ ਹੈ।”







# ਕੁੜੀਆਂ ਦਾ ਵਿਆਹ ਹੁਣ 21ਸਾਲ ਤੋਂ ਬਾਅਦ !

ਅਸ਼ੋਕ ਸੋਨੀ ਖੂਈ ਖੇੜਾ , ਫਾਜ਼ਿਲਕਾ
9872705078



ਸਾਡੇ ਦੇਸ਼ ਚ ਸਰਕਾਰ ਵੱਲੋਂ ਕੁੜੀਆਂ ਦੀ ਵਿਆਹ ਦੀ ਉਮਰ ਹੁਣ 18 ਸਾਲ ਤੋਂ 21 ਸਾਲ ਕਰਨ ਦਾ ਫੈਸਲਾ ਲਿਆ ਜਾ ਰਿਹਾ ਹੈ। ਭਾਰਤ ਵਰਗਾ ਵਿਸ਼ਾਲ ਦੇਸ਼, ਜਿੱਥੇ ਵੱਖ-ਵੱਖ ਧਰਮ, ਭਾਸ਼ਾ, ਜਾਤੀ, ਭੁਗੋਲਿਕਤਾ, ਸਭਿਆਚਾਰ ਤੇ ਸੰਸਕ੍ਰਿਤੀ ਦਾ ਭੰਬਲਭੂਸਾ ਹੈ, ਉੱਥੇ ਇਹ ਵਾਕਈ ਬਹੁਤ ਵੱਡਾ ਇਤਿਹਾਸਕ ਫੈਸਲਾ ਹੋਵੇਗਾ। ਇਹ ਫੈਸਲਾ ਕੁੜੀਆਂ ਦੀ ਉੱਚ ਸਿੱਖਿਆ ਲਈ ਬਹੁਤ ਹੀ ਲਾਹੇਵੰਦ ਹੋਵੇਗਾ। ਕੁੜੀਆਂ ਆਮਤੌਰ ਤੇ 18 ਸਾਲ ਤੱਕ ਬਾਰਵੀਂ ਜਮਾਤ ਤੱਕ ਹੀ ਪੜ੍ਹਾਈ ਕਰ ਪਾਉਂਦੀਆਂ ਹਨ ਪਰ ਹੁਣ 21 ਸਾਲ ਉਮਰ ਹੋਣ ਕਾਰਨ ਹਰੇਕ ਕੁੜੀ ਕੋਲ ਘੱਟੋ-ਘੱਟ ਗ੍ਰੈਜੂਏਟ ਹੋਣ ਦਾ ਮੌਕਾ ਤਾਂ ਜਰੂਰ ਹੀ ਹੋਵੇਗਾ। 21 ਸਾਲ ਤੱਕ ਦੀਆਂ ਪੂਰੀਆਂ ਪੜ੍ਹੀਆਂ-ਲਿਖੀਆਂ ਕੁੜੀਆਂ, ਜਦੋਂ ਗ੍ਰਹਿਸਥੀ ਚ ਪ੍ਰਵੇਸ਼ ਕਰਨਗੀਆਂ ਤਾਂ ਨਿਸ਼ਚਿਤ ਰੂਪ ਨਾਲ ਸਿਖਿਅਤ ਸਮਾਜ ਦਾ ਨਿਰਮਾਣ ਹੋਵੇਗਾ। ਜੇਕਰ ਇਕ ਮਾਂ ਦਾ ਸਰਵਪੱਖੀ ਵਿਕਾਸ ਹੋਵੇਗਾ ਤਾਂ ਹੀ ਪੂਰੇ ਪਰਿਵਾਰ, ਸਮਾਜ ਤੇ ਦੇਸ਼ ਦਾ ਵਿਕਾਸ ਨਿਸ਼ਚਿਤ ਹੋਵੇਗਾ।

18 ਸਾਲ ਤੱਕ ਤਾਂ ਜਿਆਦਾਤਰ ਕੁੜੀਆਂ ਕਿਸ਼ੋਰਾਵਸਥਾ ਦੇ ਸੰਵੇਗਾਂ ਚੋਂ ਪੂਰੀ ਤਰਾਂ ਨਾਲ ਨਜਿੱਠ ਹੀ ਨਹੀਂ ਪਾਉਂਦੀਆਂ ਕਿ ਉਹਨਾਂ ਨੂੰ ਬਾਲਗ ਹੋਣ ਦਾ ਸਰਟੀਫਿਕੇਟ ਮਿਲ ਜਾਂਦਾ ਹੈ, ਇੰਨਾਂ ਸੰਵੇਗਾਂ ਕਾਰਨ ਹੀ ਬਹੁਤ ਸਾਰੀਆਂ ਭੈਣਾਂ ਰਸਤੇ ਤੋਂ ਭਟਕ ਕੇ ਆਪਸੀ ਖਿੱਚ ਨੂੰ ਈ ਸੱਚਾ ਪਿਆਰ ਸਮਝਣ ਦੀ ਭੁੱਲ ਕਰ ਬੈਠਦੀਆਂ ਹਨ। ਇਸ ਉਮਰ ਚ ਜਿਆਦਾਤਰ ਕੁੜੀਆਂ ਇੰਨੀਆਂ ਸਮਝਦਾਰ ਨਹੀਂ ਹੁੰਦੀਆਂ ਕਿ ਉਹ ਆਪਣੇ ਭਵਿੱਖ ਦਾ ਸਹੀ ਫੈਸਲਾ ਕਰ ਸਕਣ ਪਰ ਅੱਜਕਲ ਦੇ ਉੱਤਰ ਆਧੁਨਿਕ ਸਮੇਂ ਚ ਮੀਡੀਆ ਦੇ ਪ੍ਰਚਾਰ ਤੇ ਫਿਲਮਾਂ ਆਦਿ ਵਿੱਚ ਦਿਖਾਈ ਜਾਂਦੀ ਮਾਪਿਆਂ ਦੀ ਨਕਾਰਾਤਮਕ ਭੂਮਿਕਾ ਕਾਰਨ ਉਹ ਸੜਕਛਾਪ ਮਜਨੂੰਆਂ ਨੂੰ ਹੀ ਆਪਣਾ ਹੀਰੋ ਸਮਝ ਕੇ ਮਾਪਿਆਂ ਦੀ ਇਜੱਤ ਤੇ ਆਪਣੇ ਭਵਿੱਖ ਦੀ ਪ੍ਰਵਾਹ ਕੀਤੇ ਬਗੈਰ ਉਨਾਂ ਨਾਲ ਤੁਰ ਪੈਂਦੀਆਂ ਹਨ। ਅੱਜਕੱਲ੍ਹ ਹਾਲਾਤ ਇਹ ਬਣ ਗਏ ਹਨ ਕਿ ਗਿਆਰਵੀਂ-ਬਾਰਵੀਂ ਚ ਪੜ੍ਹਦੇ ਵਿਦਿਆਰਥੀ ਉਮਰ ਪੂਰੀ ਹੁੰਦੇ ਹੀ ਭੱਜ ਕੇ ਵਿਆਹ ਕਰਵਾ ਰਹੇ ਹਨ। ਅਸਲ ਵਿੱਚ ਘਰੋਂ ਭੱਜ ਕੇ ਵਿਆਹ ਕਰਵਾਉਣ ਵਾਲੀਆਂ ਕੁੜੀਆਂ ਵਿੱਚੋਂ ਲਗਭਗ 90% ਤਾਂ 18 ਤੋਂ 21 ਸਾਲ ਦੀ ਉਮਰ ਦੀਆਂ ਹੀ ਹੁੰਦੀਆਂ ਹਨ। ਉਹ ਨਾਂ ਕੇਵਲ ਆਪਣੇ ਭਵਿੱਖ ਦਾ ਫੈਸਲਾ ਗਲਤ ਕਰ ਜਾਂਦੀਆਂ ਹਨ ਸਗੋਂ ਪੂਰੇ ਖੇਤਰ ਚ ਹੋਰ ਕੁੜੀਆਂ ਤੇ ਵੀ ਬੇਲੋੜੀ ਤੇ ਅਣਉਚਿਤ ਪਾਬੰਦੀਆਂ ਦਾ ਕਾਰਨ ਬਣਦੀਆਂ ਹਨ। ਇਸ ਤੋਂ ਇਲਾਵਾ ਮੋਬਾਇਲ ਤੇ ਇੰਟਰਨੈੱਟ ਦੀ ਹਨੇਰੀ ਚ, ਆਪਸੀ ਸੰਪਰਕ ਦੀ ਖੁਲ੍ਹ ਤੇ ਪ੍ਰਾਈਵੇਸੀ ਕਾਰਨ ਵੀ ਅਣਭੋਲ ਕੁੜੀਆਂ ਦੇ ਭੋਲੇਪਨ ਦਾ ਫਾਇਦਾ ਵੱਡੇ ਪੱਧਰ ਤੇ ਉਠਾਇਆ ਜਾ ਰਿਹਾ ਏ, ਵਿਆਹ ਦੇ ਸੁਪਨੇ ਵਿਖਾ ਕੇ ਅਸਾਮਾਜਿਕ ਲੋਕ ਕੁੜੀਆਂ ਨੂੰ ਵਰਤ ਲੈਂਦੇ ਹਨ ਜਾਂ ਫੇਰ ਉਹਨਾਂ ਨੂੰ ਬਲੈਕਮੇਲ ਕੀਤਾ ਜਾਂਦਾ ਹੈ। ਹੁਣ ਇਹ ਫੈਸਲਾ ਔਨਰ ਕਿਲਿੰਗ, ਮਾਪਿਆਂ ਜਾਂ ਕੁੜੀਆਂ ਦੀਆਂ ਖੁਦਕੁਸ਼ੀਆਂ ਤੇ ਹੋਰ ਬਹੁਤ ਸਾਰੇ ਅਪਰਾਧਾਂ ਤੇ ਨਕੇਲ ਕੱਸਣ ਚ ਵੀ ਸਹਾਇਕ ਸਿੱਧ ਹੋਵੇਗਾ।

ਇਹ ਫੈਸਲਾ ਕੁੜੀਆਂ ਦੇ ਰੁਜ਼ਗਾਰ ਵਿੱਚ ਵੀ ਬਹੁਤ ਹੀ ਸਹਾਇਕ ਸਿੱਧ ਹੋਵੇਗਾ। ਜਦੋਂ ਕੁੜੀਆਂ 21 ਸਾਲ ਤੱਕ ਵਿਆਹ ਤੇ ਬੱਚਿਆਂ ਦੀ ਜਿੰਮੇਵਾਰੀ ਤੋਂ ਮੁਕਤ ਰਹਿ ਕੇ ਇਕਾਗਰਤਾ ਨਾਲ ਪੜ੍ਹਾਈ ਕਰਨਗੀਆਂ ਤਾਂ ਕੁੜੀਆਂ ਨਿਸ਼ਚਿਤ ਹੀ ਵੱਡੀਆਂ ਪ੍ਰਾਪਤੀਆਂ ਕਰਨਗੀਆਂ। ਜਿੱਥੇ ਸਰਕਾਰੀ ਨੌਕਰੀਆਂ ਚ ਕੁੜੀਆਂ ਦੀ ਵੱਡੇ ਪੱਧਰ ਤੇ ਨਿਯੁਕਤੀ ਹੋਵੇਗੀ, ਉੱਥੇ ਹੀ ਸਮਝਦਾਰ ਹੋਣ ਕਾਰਨ ਨਿੱਜੀ ਖੇਤਰ ਤੇ ਵਪਾਰ ਚ ਵੀ ਉਹਨਾਂ ਦਾ ਪ੍ਰਦਰਸ਼ਨ ਬਾਕਮਾਲ ਹੋਵੇਗਾ। ਜਦੋਂ ਕੁੜੀਆਂ ਕੋਲ ਸਿੱਖਿਆ ਤੇ ਰੁਜਗਾਰ ਹੋਵੇਗਾ ਤਾਂ ਜੀਵਨਸਾਥੀ ਵੀ ਉਹਨਾਂ ਦੀ ਸਿੱਖਿਆ ਤੇ ਰੁਜ਼ਗਾਰ ਦੇ ਅਨੁਕੂਲ ਹੀ ਮਿਲੇਗਾ। ਇਸੇ ਲਈ ਇਸ ਫੈਸਲੇ ਨਾਲ ਜਿੱਥੇ ਦਾਜ ਵਰਗੇ ਕੋਹੜ ਤੋਂ ਮੁਕਤੀ ਮਿਲਣ ਦੀ ਆਸ ਜਗਦੀ ਹੈ ਉੱਥੇ ਹੀ ਕੰਨਿਆ ਭਰੂਣ ਹੱਤਿਆ ਵਰਗਾ ਕਲੰਕ ਵੀ ਸਾਡੇ ਸਮਾਜ ਦੇ ਮੱਥੇ ਤੋਂ ਮਿਟਣ ਦੀ ਸੰਭਾਵਨਾ ਪੈਦਾ ਹੁੰਦੀ ਹੈ। ਕਈ ਮਾਪੇ ਅਨਪੜ੍ਹਤਾ, ਰੂੜੀਆਂ ਜਾਂ ਆਪਣੀ ਫੋਕੀ ਇਜੱਤ ਦੇ ਦਿਖਾਵੇ ਲਈ ਉਨਾਂ ਕੁੜੀਆਂ ਦੇ ਸੁਪਨਿਆਂ ਦਾ ਵੀ ਕਤਲ ਕਰ ਦਿੰਦੇ ਹਨ, ਜੋ ਪੜ੍ਹਾਈ ਜਾਂ ਖੇਡਾਂ ਵਿੱਚ ਬਹੁਤ ਹੁਸ਼ਿਆਰ ਤੇ ਪ੍ਰਤਿਭਾਸ਼ਾਲੀ ਹੁੰਦੀਆਂ ਹਨ, ਹੁਣ ਉਹਨਾਂ ਕੁੜੀਆਂ ਨੂੰ ਚਿੜੀਆਂ ਬਣਾ ਕੇ ਉਡਾਉਣ ਦੀ ਥਾਂ, ਆਪਣੇ ਸੁਪਨੇ ਪੂਰੇ ਕਰਨ ਦਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਜਿੱਥੇ ਵੱਧਦੀ ਆਬਾਦੀ ਨੂੰ ਜਬਰਦਸਤ ਠੱਲ੍ਹ ਪਵੇਗੀ, ਉੱਥੇ ਹੀ ਜਣੇਪੇ ਦੌਰਾਨ ਮਾਂ ਤੇ ਬੱਚਿਆਂ ਦੀ ਮੌਤਾਂ ਚ ਭਾਰੀ ਕਮੀ ਆਵੇਗੀ ਤੇ ਸਿਹਤਮੰਦ ਬੱਚੇ ਪੈਦਾ ਹੋਣਗੇ। ਇਸ ਨਾਲ ਕੁੜੀਆਂ ਨੂੰ ਪੌੜੀਆਂ ਬਣਾਉਣ ਦੀ ਆਧੁਨਿਕ ਬੁਰਾਈ ਨੂੰ ਵੀ ਠੱਲ੍ਹ ਪਾਵੇਗਾ,12 ਵੀਂ ਪਾਸ ਹੋਣਹਾਰ ਕੁੜੀਆਂ ਨੂੰ ਛੋਟੀ ਉਮਰ ਚ ਆਈਲੈਟਸ ਕਰਵਾ ਵਿਦੇਸ਼ ਭੇਜ ਉਨਾਂ ਮਗਰ ਆਪਣੇ ਨਲਾਇਕ ਮੁੰਡਿਆਂ ਨੂੰ ਵਿਦੇਸ਼ਾਂ ਚ ਸੈਟਲ ਕਰਨ ਦੀ ਬੁਰੀ ਪ੍ਰਵਿਰਤੀ ਵੀ ਇਸ ਨਾਲ ਘਟੇਗੀ। ਜੇਕਰ ਮੈਂ ਕਹਾਂ ਕਿ ਇਸ ਫੈਸਲੇ ਕਾਰਨ ਸਭ ਕੁੱਝ ਸਕਾਰਾਤਮਕ ਹੀ ਹੋਵੇਗਾ ਤਾਂ ਇਹ ਠੀਕ ਨਹੀਂ ਹੈ। ਸਮਾਜ ਚ ਇਸ ਨਾਲ ਕਈ ਸਮੱਸਿਆਵਾਂ ਵੀ ਆਉਣਗੀਆਂ। ਅੱਜਕੱਲ੍ਹ ਦੇ ਆਧੁਨਿਕ ਤੇ ਮਿਲਾਵਟੀ ਖਾਨ-ਪਾਨ ਕਾਰਨ ਕੁੜੀਆਂ ਛੇਤੀ ਬਾਲਗ ਹੋ ਰਹੀਆਂ ਹਨ, ਹੁਣ ਇਸ ਫੈਸਲੇ ਕਾਰਨ ਵਿਆਹ ਚ ਦੇਰੀ ਹੋਵੇਗੀ ਤੇ ਜੇਕਰ ਉਹਨਾਂ ਨੂੰ ਇਸ ਉਮਰ ਚ ਸਹੀ ਸਿੱਖਿਆ ਨਾਂ ਮਿਲੀ ਤਾਂ ਸਮਾਜਿਕ ਚ ਅਨੈਤਿਕ ਸੰਬੰਧਾਂ ਚ ਵਾਧਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਇਸ ਨਾਲ ਮੁੰਡਿਆਂ ਦੇ ਵਿਆਹ ਦੀ ਉਮਰ ਚ ਆਪਣੇ ਆਪ ਹੀ ਵਾਧਾ ਹੋ ਜਾਵੇਗਾ ਜਿਸ ਕਾਰਨ ਵੀ ਕਈ ਤਰਾਂ ਦੀਆਂ ਸਮਾਜਿਕ ਸਮੱਸਿਆਵਾਂ ਪੈਦਾ ਹੋਣਗੀਆਂ। ਇਸ ਤੋਂ ਇਲਾਵਾ ਭਾਰਤ ਦੇ ਕਈ ਕਬੀਲਿਆਂ, ਖੇਤਰਾਂ, ਵਿਸ਼ੇਸ਼ ਧਰਮਾਂ ਤੇ ਜਾਤੀਆਂ ਚ ਇਸ ਫੈਸਲੇ ਨੂੰ ਲਾਗੂ ਕਰਵਾਉਣ ਚ ਵੀ ਬਹੁਤ ਸਾਰੀਆਂ ਔਕੜਾਂ ਆ ਸਕਦੀਆਂ ਹਨ। ਕੁਲ ਮਿਲਾ ਕੇ ਵੇਖਿਆ ਜਾਵੇ ਤਾਂ ਇਹ ਫੈਸਲਾ ਸਮਾਜ ਤੇ ਦੇਸ਼ ਲਈ ਬਹੁਤ ਹੀ ਲਾਹੇਵੰਦ ਹੈ, ਇਸ ਨੂੰ ਤੁਰੰਤ ਲਾਗੂ ਕਰ ਦੇਣਾ ਚਾਹੀਦਾ ਹੈ ਪਰ ਇਸ ਨਿਯਮ ਵਿੱਚ ਵਿਸ਼ੇਸ਼ ਹਾਲਾਤਾਂ ਵਿੱਚ ਜਾਂ ਜਿੰਨਾਂ ਕੁੜੀਆਂ ਦੀ ਪੜ੍ਹਾਈ-ਲਿਖਾਈ ਤੇ ਖੇਡਾਂ ਆਦਿ ਵਿੱਚ ਕੋਈ ਰੁੱਚੀ ਨਹੀ ਹੈ, ਉਹਨਾਂ ਦਾ ਵਿਆਹ 18 ਸਾਲ ਤੋਂ ਬਾਅਦ ਕਰਨ ਦੀ ਮਾਪਿਆਂ ਨੂੰ ਮਨਜ਼ੂਰੀ, ਕਿਸੇ ਵਿਸ਼ੇਸ਼ ਅਥਾਰਿਟੀ ਦੀ ਨਿਰਪੱਖ ਜਾਂਚ ਤੋਂ ਬਾਅਦ, ਦੇ ਦੇਣੀ ਚਾਹੀਦੀ ਹੈ।

Life is a Story. Tell it Well
ਜ਼ਿੰਦਗੀ ਇੱਕ ਕਹਾਣੀ ਹੈ, ਚੰਗੀ ਤਰ੍ਹਾਂ ਨਾਲ ਦੇਖੋ



Proud to Provide the Community with grief support and healing experiences

ਸੋਗ ਭਰੇ ਮਹੌਲ ਨੂੰ ਸੌਖਾਵਾਂ ਬਣਾਉਣ ਲਈ ਅਸੀਂ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਦੇ ਹਾਂ

Maison funéraire Rideau Funeral Home
4275, boul. des Sources, Dollard-des-Ormeaux (Qc) H9B 2A6
514-685-3344 • www.rideaumemorial.com


ਤੁਹਾਡਾ ਆਪਣਾ ਪੰਜਾਬੀ ਸਟੋਰ
Abdul Rehman
514-638-2222, 514-629-0000
Authorized Dealer of Rogers and Fido
ROGERS™ fido
GET ANY PHONE FOR
$0 Down
Get unlimited internet for very less price
6700 Ch de la cote des neiges k-27 H3S2B3
Abdul Rehman
Authorized dealer of
Rogers fido and chatr

# ਨਿਰਮਲ ਰਿਸ਼ੀ: ਜਿਸ ਨੂੰ ਜਨਮ ਸਮੇਂ 'ਪੱਥਰ' ਕਿਹਾ ਗਿਆ, ਉਹ ਅਦਾਕਾਰਾ ਪਦਮਸ਼੍ਰੀ ਕਿਵੇਂ ਬਣੀ



## ਪਹਿਲੀ ਫ਼ਿਲਮ ਤੋਂ ਹੀ ਹੋਏ ਮਸ਼ਹੂਰ

ਹਰਪਾਲ ਟਿਵਾਣਾ ਹੁਰਾਂ ਨੇ ਲੌਂਗ ਦਾ ਲਿਸ਼ਕਾਰਾ ਫ਼ਿਲਮ ਬਣਾਈ ਸੀ, ਜੋ ਕਿ ਉਨ੍ਹਾਂ ਦੇ ਹੀ ਇੱਕ ਨਾਟਕ ਦਾ ਫਿਲਮੀਕਰਨ ਸੀ। 1983 ਵਿੱਚ ਇਸ ਫ਼ਿਲਮ ਜ਼ਰੀਏ ਨਿਰਮਲ ਰਿਸ਼ੀ ਨੂੰ ਸਿਨੇਮਾ ਦਾ ਪਹਿਲਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਫ਼ਿਲਮ ਤਾਂ ਸੂਪਰ ਹਿੱਟ ਹੋਈ ਹੀ, ਨਿਰਮਲ ਰਿਸ਼ੀ ਦਾ ਨਿਭਾਇਆ ਕਿਰਦਾਰ 'ਗੁਲਾਬੋ ਮਾਸੀ' ਵੀ ਇੰਨਾਂ ਹਿੱਟ ਹੋਇਆ ਕਿ ਨਿਰਮਲ ਰਿਸ਼ੀ ਨੂੰ ਇਸ ਕਿਰਦਾਰ ਕਰਕੇ ਜਾਣਿਆ ਜਾਣ ਲੱਗਿਆ ਸੀ।ਇਸ ਤੋਂ ਬਾਅਦ ਕਾਫ਼ੀ ਸਮਾਂ ਉਹ ਸਿਨੇਮਾ ਵਿੱਚ ਨਜ਼ਰ ਨਹੀਂ ਆਏ, ਫਿਰ ਕਈ ਛੋਟੇ-ਵੱਡੇ ਰੋਲ ਉਨ੍ਹਾਂ ਨੇ ਪੰਜਾਬੀ-ਹਿੰਦੀ ਫਿਲਮਾਂ ਵਿੱਚ ਕੀਤੇ। ਫਿਰ 2015 ਵਿੱਚ ਆਈ ਪੰਜਾਬੀ ਫਿਲਮ ਅੰਗਰੇਜ਼ ਵਿੱਚ ਨਿਭਾਏ ਕਿਰਦਾਰ ਤੋਂ ਬਾਅਦ ਨਿਰਮਲ ਰਿਸ਼ੀ ਦੀ ਪਛਾਣ ਮੁੜ ਸੁਰਜੀਤ ਹੋ ਗਈ। ਇਸ ਸਾਰੇ ਸਮੇਂ ਦੌਰਾਨ ਨਿਰਮਲ ਰਿਸ਼ੀ ਰੰਗ-ਮੰਚ ਵਿੱਚ ਨਾਟਕ ਖੇਡਦੇ ਰਹੇ। ਉਹ 70 ਦੇ ਕਰੀਬ ਫਿਲਮਾਂ ਵਿੱਚ ਕੰਮ ਕਰ ਚੁੱਕੇ ਹਨ। ਉਨ੍ਹਾਂ ਨੂੰ ਸਾਲ 2012 ਵਿੱਚ ਸੰਗੀਤ ਨਾਟਕ ਅਕਾਦਮੀ ਐਵਾਰਡ ਵੀ ਮਿਲ ਚੁੱਕਿਆ ਹੈ। ਨਿਰਮਲ ਰਿਸ਼ੀ ਅਕਸਰ ਫ਼ਿਲਮਾਂ ਦਾ ਮਿਹਨਤਾਨਾ ਨਾ ਮਿਲਣ ਬਾਰੇ ਵੀ ਖੁੱਲ੍ਹ ਕੇ ਬੋਲਦੇ ਰਹੇ ਹਨ।ਉਹ ਕਹਿੰਦੇ ਹਨ ਕਿ ਮੁੱਖ ਭੂਮਿਕਾ ਨਿਭਾਉਣ ਵਾਲੇ ਅਦਾਕਾਰਾਂ ਜਾਂ ਵੱਡੇ ਨਾਮਾਂ ਤੋਂ ਇਲਾਵਾ ਬਾਕੀ ਕਲਾਕਾਰਾਂ ਨੂੰ ਬਹੁਤੇ ਪੈਸੇ ਨਹੀਂ ਮਿਲਦੇ।ਫ਼ਿਲਮ ਬੂਹੇ ਬਾਰੀਆਂ ਦੀ ਇੱਕ ਪ੍ਰੋਮਸ਼ਨ ਇੰਟਰਵਿਊ ਵਿੱਚ ਰਿਸ਼ੀ ਨੇ ਕਿਹਾ ਸੀ ਕਿ ਖਾਸ ਕਰਕੇ ਮਹਿਲਾ ਅਦਾਕਾਰਾਂ ਨੂੰ ਫ਼ਿਲਮਾਂ ਰਿਲੀਜ਼ ਹੋਣ ਤੋਂ ਬਾਅਦ ਤੱਕ ਵੀ ਮੰਗਤਿਆਂ ਵਾਂਗ ਆਪਣੇ ਕੀਤੇ ਕੰਮ ਦੇ ਪੈਸੇ ਮੰਗਣੇ ਪੈਂਦੇ ਹਨ।

ਪੰਜਾਬੀ ਫਿਲਮ ਅਦਾਕਾਰਾ ਨਿਰਮਲ ਰਿਸ਼ੀ ਨੂੰ ਸੋਮਵਾਰ ਨੂੰ ਰਾਸ਼ਟਰਪਤੀ ਭਵਨ ਵਿੱਚ ਪਦਮਸ੍ਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਇੱਕ ਸ਼ਾਨਦਾਰ ਸਮਾਗਮ ਦੌਰਾਨ ਕਈ ਹਸਤੀਆਂ ਨੂੰ ਇਹ ਐਵਾਰਡ ਦਿੱਤੇ, ਨਿਰਮਲ ਰਿਸ਼ੀ ਉਨ੍ਹਾਂ ਵਿੱਚ ਸ਼ਾਮਲ ਸਨ। ਨਿਰਮਲ ਰਿਸ਼ੀ ਨੂੰ ਕਲਾ ਦੇ ਖੇਤਰ ਵਿੱਚ ਯੋਗਦਾਨ ਲਈ ਪਦਮ ਸ਼੍ਰੀ ਅਵਾਰਡ ਲਈ ਚੁਣਿਆ ਗਿਆ ਸੀ। ਕੁਝ ਦਿਨ ਪਹਿਲਾਂ ਜਦੋਂ ਉਨ੍ਹਾਂ ਦਾ ਨਾਂ ਐਲਾਨਿਆ ਗਿਆ ਸੀ ਤਾਂ ਉਨ੍ਹਾਂ ਨਾਲ ਹੋਈ ਗੱਲਬਾਤ ਉੱਤੇ ਅਧਾਰਿਤ ਬੀਬੀਸੀ ਪੰਜਾਬੀ ਨੇ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ। ਜਿਸ ਨੂੰ ਪਾਠਕਾਂ ਦੀ ਰੂਚੀ ਲ਼ਈ ਮੁੜ ਛਾਪਿਆ ਜਾ ਰਿਹਾ ਹੈ। ਨਿਰਮਲ ਰਿਸ਼ੀ ਨੇ ਗੁਲਾਬੋ ਮਾਸੀ ਤੋਂ ਲੈ ਕੇ ਪੰਜਾਬੀ ਫ਼ਿਲਮਾਂ ਦੀ ਬੇਬੇ ਤੱਕ ਅਤੇ ਰੰਗ-ਮੰਚ ਦੇ ਇੱਕ ਅਦਾਕਾਰ ਤੋਂ ਲੈ ਕੇ ਪਦਮ ਸ੍ਰੀ ਹਸਤੀ ਕਰਨ ਦਾ ਸ਼ਾਨਦਾਰ ਸਫਰ ਤੈਅ ਕੀਤਾ ਹੈ। ਪੰਜਾਬੀ ਮਨੋਰੰਜਨ ਸਨਅਤ ਵਿੱਚ ਕਰੀਬ ਪੰਜ ਦਹਾਕਿਆਂ ਤੋਂ ਵੱਧ ਸਮੇਂ ਬਾਅਦ ਵੀ ਉਨ੍ਹਾਂ ਦੀ ਅਦਾਕਾਰੀ ਦਾ ਜਲਵਾ ਇਸ ਤਰ੍ਹਾਂ ਬਰਕਰਾਰ ਹੈ ਕਿ ਪੰਜਾਬੀ ਫ਼ਿਲਮਾਂ ਨਿਰਮਲ ਰਿਸ਼ੀ ਦੇ ਕਿਰਦਾਰ ਤੋਂ ਬਿਨ੍ਹਾਂ ਅਧੂਰੀਆਂ ਜਾਪਦੀਆਂ ਹਨ।ਨਿਰਮਲ ਰਿਸ਼ੀ ਮਾਨਸਾ ਜ਼ਿਲ੍ਹੇ ਨਾਲ ਸੰਬੰਧ ਰੱਖਦੇ ਹਨ, ਉਨ੍ਹਾਂ ਦੇ ਪਿਤਾ ਦਾ ਨਾਮ ਬਲਦੇਵ ਰਿਸ਼ੀ ਸੀ ਅਤੇ ਮਾਤਾ ਦਾ ਨਾਮ ਬਚਨੀ ਦੇਵੀ ਸੀ। ਉਨ੍ਹਾਂ ਦੇ ਪਿਤਾ ਪਿੰਡ ਦੇ ਸਰਪੰਚ ਸਨ।ਜਦੋਂ ਉਹ ਆਪਣੇ ਮਾਪਿਆਂ ਦੀ ਤੀਜੀ ਧੀ ਵਜੋਂ ਪੈਦਾ ਹੋਏ ਤਾਂ ਉਨ੍ਹਾਂ ਦੇ ਦਾਦੇ ਨੇ 'ਪੱਥਰ' ਕਹਿ ਕੇ ਨਮੋਸ਼ੀ ਦਾ ਪ੍ਰਗਟਾਵਾ ਕੀਤਾ। ਫਿਰ 2-3 ਸਾਲ ਤੱਕ ਉਨ੍ਹਾਂ ਦਾ ਨਾਮ ਵੀ ਨਹੀਂ ਰੱਖਿਆ ਗਿਆ ਸੀ।ਉਨ੍ਹਾਂ ਨੂੰ ਮੁੰਨੀ ਕਿਹਾ ਜਾਂਦਾ ਸੀ। ਫਿਰ ਜਦੋਂ ਪਿੰਡ ਦੇ ਪਟਵਾਰੀ ਨੇ ਕਾਗਜ਼ਾਂ ਵਿੱਚ ਦਰਜ ਕਰਨਾ ਸੀ ਤਾਂ ਪਟਵਾਰੀ ਨੇ ਹੀ ਉਨ੍ਹਾਂ ਦਾ ਨਾਮ ਨਿਰਮਲਾ ਰੱਖ ਦਿੱਤਾ ਸੀ।ਉਨ੍ਹਾਂ ਨੇ ਸਕੂਲੀ ਪੜ੍ਹਾਈ ਆਪਣੇ ਭੂਆ-ਫੁੱਫੜ ਕੋਲ ਰਹਿ ਕੇ ਰਾਜਸਥਾਨ ਦੇ ਗੰਗਾਨਗਰ ਤੋਂ ਕੀਤੀ। ਇਸ ਤੋਂ ਬਾਅਦ ਕਾਲਜ ਦੀ ਪੜ੍ਹਾਈ ਲਈ ਪਟਿਆਲਾ ਆਏ ਜਿੱਥੇ ਫਿਜ਼ੀਕਲ ਐਜੁਕੇਸ਼ਨ ਦੀ ਪੜ੍ਹਾਈ ਕੀਤੀ। ਉਹ ਸਕੂਲ-ਕਾਲਜ ਦੇ ਦਿਨਾਂ ਤੋਂ ਹੀ ਖੇਡਾਂ ਅਤੇ ਨਾਟਕਾਂ ਵਿੱਚ ਹਿੱਸਾ ਲੈਂਦੇ ਸਨ। ਫਿਰ 1966 ਦੇ ਕਰੀਬ ਉਹ ਪਟਿਆਲ਼ਾ ਵਿੱਚ ਹਰਪਾਲ ਟਿਵਾਣਾ ਹੁਰਾਂ ਨੂੰ ਮਿਲੇ ਅਤੇ ਰੰਗ ਮੰਚ ਦੀ ਰਸਮੀ ਟਰੇਨਿੰਗ ਸ਼ੁਰੂ ਹੋਈ।

**ਲੈਕਚਰਾਰ ਵੀ ਰਹੇ ਹਨ ਨਿਰਮਲ ਰਿਸ਼ੀ**

ਨਿਰਮਲ ਰਿਸ਼ੀ ਹੁਰਾਂ ਨੇ ਲੁਧਿਆਣਾ ਦੇ ਖ਼ਾਲਸਾ ਕਾਲਜ (ਕੁੜੀਆਂ) ਵਿੱਚ ਫਿਜ਼ੀਕਲ ਐਜੁਕੇਸ਼ਨ ਦੇ ਲੈਕਚਰਾਰ ਵਜੋਂ ਨੌਕਰੀ ਕੀਤੀ ਹੈ। ਇੱਕ ਇੰਟਰਵਿਊ ਵਿੱਚ ਰਿਸ਼ੀ ਦੱਸਦੇ ਹਨ ਕਿ ਜਦੋਂ ਉਹ ਰਿਟਾਇਰ ਹੋਏ ਤਾਂ ਖੁਸ਼ ਨਹੀਂ ਸਨ, ਕਿਉਂਕਿ ਉਨ੍ਹਾਂ ਨੂੰ ਲਗਦਾ ਸੀ ਕਿ ਹੁਣ ਤਨਖਾਹ ਬੰਦ ਹੋ ਜਾਣ ਮਗਰੋਂ ਖ਼ਰਚਾ ਕਿਵੇਂ ਚੱਲੇਗਾ। ਰਿਸ਼ੀ ਦੇ ਸਾਥੀ ਅਦਾਕਾਰ ਗੁਰਪ੍ਰੀਤ ਕੌਰ ਭੰਗੂ ਨੇ ਸਾਨੂੰ ਦੱਸਿਆ ਕਿ ਅੱਜ ਵੀ ਰਿਸ਼ੀ ਦੇ ਵਿਦਿਆਰਥੀ ਉਨ੍ਹਾਂ ਨੂੰ ਯਾਦ ਕਰਦੇ ਹਨ ਅਤੇ ਸੰਪਰਕ ਕਰਦੇ ਹਨ ਜੋ ਕਿ ਹਰ ਅਧਿਆਪਕ ਲਈ ਮਾਣ ਵਾਲੀ ਗੱਲ ਹੁੰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਉਹ ਵਿਦਿਆਰਥੀਆਂ ਨੂੰ ਪਿਆਰ ਵੀ ਬਹੁਤ ਕਰਦੇ ਰਹੇ ਹਨ ਅਤੇ ਅਨੁਸ਼ਾਸਨ ਵਿੱਚ ਵੀ ਰੱਖਦੇ ਸੀ। ਉਨ੍ਹਾਂ ਦੱਸਿਆ, ਉਹ ਖਾਸ ਕਰਕੇ ਕੁੜੀਆਂ ਨੂੰ ਸਮਝਾਉਂਦੇ ਸੀ ਕਿ ਉਨ੍ਹਾਂ ਨੂੰ ਜ਼ਰੂਰ ਕਮਾਉਣਾ ਚਾਹੀਦਾ ਹੈ ਤਾਂ ਕਿ ਕਿਸੇ ਹੋਰ ਸਾਹਮਣੇ ਹੱਥ ਨਾ ਫੈਲਾਉਣਾ ਪਵੇ।

**ਵਿਆਹ ਕਿਉਂ ਨਹੀਂ ਕਰਵਾਇਆ ?**

ਨਿਰਮਲ ਰਿਸ਼ੀ ਹੁਰਾਂ ਨੇ ਵਿਆਹ ਨਾ ਕਰਵਾਉਣ ਦਾ ਫ਼ੈਸਲਾ ਲਿਆ। ਉਹ ਅਕਸਰ ਕਹਿੰਦੇ ਹਨ ਕਿ ਉਹ ਹਮੇਸ਼ਾ ਤੋਂ ਇਕੱਲੇ ਰਹਿਣਾ ਚਾਹੁੰਦੇ ਸੀ ਅਤੇ ਆਪਣੀ ਜ਼ਿੰਦਗੀ ਆਪਣੇ ਮੁਤਾਬਕ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਜਿਉਣਾ ਚਾਹੁੰਦੇ ਸਨ। ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਅੱਜ ਵੀ ਜਦੋਂ ਕਿਸੇ ਕੁੜੀ ਦੀ ਡੋਲੀ ਤੁਰਦੀ ਹੈ ਤਾਂ ਉਹ ਇਹ ਸੋਚ ਕੇ ਬੇਹਦ ਭਾਵੁਕ ਹੋ ਜਾਂਦੇ ਹਨ ਕਿ ਅੱਜ ਤੋਂ ਬਾਅਦ ਇਸ ਕੁੜੀ ਦਾ ਘਰ ਉਸ ਦੇ ਮਾਪਿਆ ਦਾ ਘਰ ਨਹੀਂ ਰਹਿਣਾ। ਨਿਰਮਲ ਰਿਸ਼ੀ ਨੂੰ ਪਦਮ ਸ੍ਰੀ ਮਿਲਣ ਬਾਰੇ ਪ੍ਰਤੀਕਿਰਿਆ ਲੈਣ ਲਈ ਮੈਂ ਗੁਰਪ੍ਰੀਤ ਭੰਗੂ ਹੁਰਾਂ ਨੂੰ ਫ਼ੋਨ ਕੀਤਾ ਤਾਂ ਉਨ੍ਹਾਂ ਦੀ ਅਵਾਜ਼ ਵਿੱਚ ਖੁਸ਼ੀ ਅਤੇ ਮਾਣ ਸਾਫ਼ ਝਲਕ ਰਿਹਾ ਸੀ। ਗੁਰਪ੍ਰੀਤ ਭੰਗੂ ਇਸ ਗੱਲ ਵਿੱਚ ਬੇਹੱਦ ਮਾਣ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਨਿਰਮਲ ਰਿਸ਼ੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਉਹ ਕਹਿੰਦੇ ਹਨ ਕਿ ਇਸ ਸਨਮਾਨ ਦੀ ਮੁਬਾਰਕਬਾਦ ਸਿਰਫ਼ ਨਿਰਮਲ ਰਿਸ਼ੀ ਨੂੰ ਨਹੀਂ, ਬਲਕਿ ਸਾਨੂੰ ਸਾਰਿਆਂ ਨੂੰ ਹੈ। ਗੁਰਪ੍ਰੀਤ ਭੰਗੂ ਨੇ ਕਿਹਾ, ਨਿਰਮਲ ਰਿਸ਼ੀ ਜੀ ਦੀ ਪੰਜਾਬੀ ਰੰਗ-ਮੰਚ ਅਤੇ ਸਿਨੇਮਾ ਨੂੰ ਇੰਨੀ ਵੱਡੀ ਦੇਣ ਅਤੇ ਸੰਘਰਸ਼ ਰਿਹਾ ਹੈ। ਉਹ ਇਸ ਐਵਾਰਡ ਦੇ ਪੂਰੀ ਤਰ੍ਹਾਂ ਹੱਕਦਾਰ ਹਨ। ਪੰਜਾਬੀ ਸਿਨੇਮਾ ਦੇ ਵਧਣ ਫੁੱਲਣ ਵਿੱਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ, ਇਹ ਐਵਾਰਡ ਉਨ੍ਹਾਂ ਨੂੰ ਮਿਲਣਾ ਹੀ ਚਾਹੀਦਾ ਸੀ। ਜਦੋਂ ਉਨ੍ਹਾਂ ਨੂੰ ਐਵਾਰਡ ਮਿਲਣ ਦੀ ਖ਼ਬਰ ਸੁਣੀ ਤਾਂ ਸਾਡਾ ਸਿਰ ਵੀ ਮਾਣ ਨਾਲ ਉੱਚਾ ਹੋ ਗਿਆ। ਭੰਗੂ ਨੇ ਕਿਹਾ, ਰਿਸ਼ੀ ਜੀ ਕੋਈ ਵੀ ਕੰਮ ਕਰਦੇ ਹਨ ਤਾਂ ਜੀ-ਜਾਨ ਨਾਲ ਕਰਦੇ ਹਨ। ਉਨ੍ਹਾਂ ਨੇ ਸਿਰਫ਼ ਪੈਸੇ ਕਰਕੇ ਕੰਮ ਨਹੀਂ ਕੀਤਾ, ਉਨ੍ਹਾਂ ਨੇ ਆਪਣੇ ਕੰਮ ਨੂੰ ਪਿਆਰ ਕਰਨ ਲਈ ਕੰਮ ਕੀਤਾ ਹੈ। ਉਹ ਕਹਿੰਦੇ ਹਨ ਕਿ 82 ਸਾਲ ਦੀ ਉਮਰ ਵਿੱਚ ਵੀ ਉਹ ਆਪਣੇ ਕੰਮ ਨੂੰ ਲੈ ਕੇ ਮੁਟਿਆਰ ਹੀ ਹਨ।

**ਬੇਟੇ ਤੂੰ ਪੈਰਾਂ ਵਿੱਚ ਬੂਟ ਕਿਉਂ ਨਹੀਂ ਪਾਏ, ਪੈਸੇ ਹੈਗੇ ?**

ਨਿਰਮਲ ਰਿਸ਼ੀ ਦੀ ਸਖਸੀਅਤ ਬਾਰੇ ਗੁਰਪ੍ਰੀਤ ਭੰਗੂ ਨੇ ਇੱਕ ਖ਼ੂਬਸੂਰਤ ਪਹਿਲੂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ, ਅਸੀਂ ਕਈ ਵਾਰ ਇਕੱਠੇ ਹੁੰਦੇ ਹਾਂ ਤਾਂ ਰਿਸ਼ੀ ਜੀ ਪੁੱਛਦੇ ਹਨ ਕਿ ਫਲਾਣਾ ਬੰਦਾ ਕੰਮ ਕਰ ਰਿਹੈ ? ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕਿਹੜਾ ਬੰਦਾ ਲੋੜਵੰਦ ਹੈ। ਉਨ੍ਹਾਂ ਨੂੰ ਸਿਰਫ਼ ਆਪਣੇ ਤੱਕ ਮਤਲਬ ਨਹੀਂ ਹੁੰਦਾ, ਉਨ੍ਹਾਂ ਦੀ ਸੋਚ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਰਹਿੰਦੀ ਹੈ ਕਿ ਸਾਰਿਆ ਨੂੰ ਕੰਮ ਮਿਲਣਾ ਚਾਹੀਦਾ ਹੈ। ਗੁਰਪ੍ਰੀਤ ਭੰਗੂ ਦੱਸਦੇ ਹਨ ਕਿ ਉਨ੍ਹਾਂ ਨੂੰ ਫ਼ਿਲਮਾਂ ਦੇ ਸੈੱਟ ਉੱਤੇ ਸਪੌਟ ਬੁਆਏ ਦਾ ਵੀ ਫ਼ਿਕਰ ਹੁੰਦਾ ਹੈ।ਉਹ ਦੱਸਦੇ ਹਨ, ਹੁਣ ਅਸੀਂ ਇੱਕ ਸ਼ੂਟ ਕਰ ਰਹੇ ਸੀ, ਠੰਢ ਸੀ। ਰਿਸ਼ੀ ਜੀ ਨੇ ਸਪੌਟ ਬੁਆਏ ਨੂੰ ਪੁੱਛਿਆ ਬੇਟੇ ਤੂੰ ਪੈਰਾਂ ਵਿੱਚ ਬੂਟ ਕਿਉਂ ਨਹੀਂ ਪਾਏ, ਤੇਰੇ ਕੋਲ ਪੈਸੇ ਨਹੀਂ। ਭੰਗੂ ਨੇ ਦੱਸਿਆ ਕਿ ਨਿਰਮਲ ਰਿਸ਼ੀ ਉੱਚੀ ਸੋਚ ਅਤੇ ਸਾਦੇ ਜੀਵਨ ਵਿੱਚ ਯਕੀਨ ਕਰਨ ਵਾਲੇ ਇਨਸਾਨ ਹਨ। ਉਨ੍ਹਾਂ ਦੱਸਿਆ ਕਿ ਉਹ ਕਿਤਾਬਾਂ ਪੜ੍ਹਣ ਦੇ ਸ਼ੌਕੀਨ ਹਨ ਅਤੇ ਹਰ ਧਰਮ ਦਾ ਆਦਰ ਕਰਦੇ ਹਨ।ਗੁਰਪ੍ਰੀਤ ਭੰਗੂ ਕਹਿੰਦੇ ਹਨ ਕਿ ਉਹ ਭਾਵੇਂ ਹਿੰਦੂ ਪਰਿਵਾਰ ਵਿੱਚ ਪੈਦਾ ਹੋਏ, ਪਰ ਸਾਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਤੁਕਾਂ ਜ਼ਰੀਏ ਕਈ ਗੱਲਾਂ ਸਮਝਾਉਂਦੇ ਹਨ। ਭੰਗੂ ਦੱਸਦੇ ਹਨ ਕਿ ਉਹ ਹਰ ਧਰਮ ਨਾਲ ਜੁੜਿਆ ਸਾਹਿਤ ਪੜ੍ਹਦੇ ਹਨ।ਗੁਰਪ੍ਰੀਤ ਭੰਗੂ ਕਹਿੰਦੇ ਹਨ ਕਿ ਸਾਨੂੰ ਸਾਰਿਆਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਉਹ ਸਾਡੇ ਪੰਜਾਬ ਦੇ ਜਨਮੇ ਹਨ।ਉਨ੍ਹਾਂ ਦੀ ਸ਼ਖਸੀਅਤ ਬਾਰੇ ਇੱਕ ਹੋਰ ਪੱਖ ਸਾਂਝਾ ਕਰਦਿਆਂ ਗੁਰਪ੍ਰੀਤ ਭੰਗੂ ਕਹਿੰਦੇ ਹਨ ਕਿ ਨਿਰਮਲ ਰਿਸ਼ੀ ਬੇਝਿਜਕ ਹੋ ਕੇ ਆਪਣੇ ਦਿਲ ਦੀ ਗੱਲ ਕਰਦੇ ਹਨ।ਉਹ ਕਹਿੰਦੇ ਹਨ ਕਿ ਸਾਹਮਣੇ ਵਾਲੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਅਗਲੇ ਦੇ ਦੁੱਖ ਦਰਦ ਸਮਝਣਾ ਕੋਈ ਨਿਰਮਲ ਰਿਸ਼ੀ ਤੋਂ ਸਿੱਖੇ।

**ਥੀਏਟਰ ਦੇ ਦਿਨਾਂ ਦੇ ਜਾਣਕਾਰ ਸਰਦਾਰ ਸੋਹੀ ਨੇ ਕੀ ਕਿਹਾ ?**

ਨਿਰਮਲ ਰਿਸ਼ੀ ਅਤੇ ਸਰਦਾਰ ਸੋਹੀ ਦਾ ਫ਼ਿਲਮੀ ਸਫਰ 'ਲੌਂਗ ਦਾ ਲਿਸ਼ਕਾਰਾ' ਫਿਲਮ ਤੋਂ ਇਕੱਠਿਆਂ ਸ਼ੁਰੂ ਹੋਇਆ ਸੀ।ਇਸ ਤੋਂ ਪਹਿਲਾਂ ਉਹ ਥੀਏਟਰ ਵੀ ਹਰਪਾਲ ਟਿਵਾਣਾ ਹੁਰਾਂ ਨਾਲ ਇਕੱਠਿਆਂ ਹੀ ਕਰਦੇ ਰਹੇ ਹਨ।ਸੋਹੀ ਦੱਸਦੇ ਹਨ, ਰਿਸ਼ੀ ਮੈਡਮ ਮੇਰੇ ਤੋਂ ਛੇ-ਸੱਤ ਸਾਲ ਸੀਨੀਅਰ ਰਹੇ ਹਨ। ਹਰਪਾਲ ਟਿਵਾਣਾ ਹੁਰਾਂ ਦੇ ਗਰੁਪ ਵਿੱਚ 1975 ਤੋਂ ਲੈ ਕੇ ਅਸੀਂ ਤਕਰੀਬਨ 12 ਸਾਲ ਇਕੱਠਿਆਂ ਕੰਮ ਕੀਤਾ ਹੈ।ਸੋਹੀ ਕਹਿੰਦੇ ਹਨ ਕਿ ਨਿਰਮਲ ਰਿਸ਼ੀ ਸ਼ੁਰੂ ਤੋਂ ਹੀ ਲਾਜਵਾਬ ਐਕਟਰ ਰਹੇ ਹਨ, ਜਿਨ੍ਹਾਂ ਨੇ ਵੱਖੋ-ਵੱਖ ਸ਼ੇਡਜ਼ ਦੇ ਕਿਰਦਾਰ ਨਿਭਾਏ ਹਨ।ਉਹ ਬਲਵੰਤ ਗਾਰਗੀ ਹੁਰਾਂ ਦੇ ਨਾਟਕ 'ਲੋਹਾਕੁੱਟ' ਦਾ ਜ਼ਿਕਰ ਕਰਦੇ ਹਨ, ਜਿਸ ਵਿੱਚ ਸੋਹੀ ਕਾਕੂ ਲੁਹਾਰ ਦਾ ਕਿਰਦਾਰ ਨਿਭਾਉਂਦੇ ਹਨ ਅਤੇ ਨਿਰਮਲ ਰਿਸ਼ੀ ਉਨ੍ਹਾਂ ਦੀ ਧੀ ਬੈਣੋਂ ਦਾ ਕਿਰਦਾਰ ਨਿਭਾਉਂਦੇ ਹਨ।ਸੋਹੀ ਦੱਸਦੇ ਹਨ ਕਿ ਇਸ ਨਾਟਕ ਵਿੱਚ ਬੈਣੋਂ ਘਰ ਛੱਡ ਕੇ ਆਪਣੇ ਪ੍ਰੇਮੀ ਨਾਲ ਚਲੀ ਜਾਂਦੀ ਹੈ, ਫਿਰ ਬੈਣੋਂ ਦੀ ਮਾਂ ਚਲੀ ਜਾਂਦੀ ਹੈ। ਇਸ ਨਾਟਕ ਜ਼ਰੀਏ ਦਰਸਾਇਆ ਗਿਆ ਸੀ ਕਿ ਨੌਜਵਾਨ ਪੀੜ੍ਹੀ, ਪਿਛਲੀ ਪੀੜ੍ਹੀ ਨੂੰ ਜ਼ਿੰਦਗੀ ਆਪਣੀ ਮਰਜ਼ੀ ਮੁਤਾਬਕ ਜਿਉਣਾ ਸਿਖਾਉਂਦੀ ਹੈ।ਸਰਦਾਰ ਸੋਹੀ ਕਹਿੰਦੇ ਹਨ ਕਿ ਇਹ ਇੱਕ ਵਿਵਾਦਤ ਨਾਟਕ ਸੀ ਜਿਸ ਕਰਕੇ ਬਲਵੰਤ ਗਾਰਗੀ 'ਤੇ ਕੇਸ ਵੀ ਹੋ ਗਿਆ ਸੀ।ਸੋਹੀ ਕਹਿੰਦੇ ਹਨ, ਰਿਸ਼ੀ ਮੈਡਮ ਨੇ 'ਬੈਣੋਂ' ਜਿਹੇ ਚੁਣੌਤੀਪੂਰਵਕ ਕਿਰਦਾਰ ਕੀਤੇ ਅਤੇ ਜ਼ਿੰਦਗੀ ਦੇ ਇੰਨੇ ਸਾਲ ਥੀਏਟਰ ਨੂੰ ਦਿੱਤੇ। ਉਹ ਪਦਮ ਸ੍ਰੀ ਐਵਾਰਡ ਦੇ ਹੱਕਦਾਰ ਹਨ।ਸਰਦਾਰ ਸੋਹੀ ਨੇ ਦੱਸਿਆ ਕਿ ਹਰਪਾਲ ਟਿਵਾਣਾ ਜੀ ਦੇ ਦੋ ਨਾਟਕ 'ਹਿੰਦ ਦੀ ਚਾਦਰ' ਅਤੇ 'ਚਮਕੌਰ ਦੀ ਗੜ੍ਹੀ' ਬਹੁਤ ਚਰਚਿਤ ਸਨ, ਜਿਨ੍ਹਾਂ ਵਿੱਚ ਨਿਰਮਲ ਰਿਸ਼ੀ ਵੀ ਕਿਰਦਾਰ ਨਿਭਾਉਂਦੇ ਸੀ।ਸੋਹੀ ਦੱਸਦੇ ਹਨ ਕਿ ਹਰਪਾਲ ਟਿਵਾਣਾ ਦੀ ਮੌਤ ਤੋਂ ਬਾਅਦ ਹੁਣ ਤੱਕ ਵੀ ਜਦੋਂ ਉਨ੍ਹਾਂ ਦਾ ਬੇਟਾ ਮਨਪਾਲ ਟਿਵਾਣਾ ਕਿਤੇ ਇਹ ਨਾਟਕ ਪੇਸ਼ ਕਰਦੇ ਹਨ ਤਾਂ ਨਿਰਮਲ ਰਿਸ਼ੀ ਆਪਣਾ ਕਿਰਦਾਰ ਨਿਭਾਉਣ ਜ਼ਰੂਰ ਜਾਂਦੇ ਹਨ।ਐਵਾਰਡ ਮਿਲਣ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਸੋਹੀ ਕਹਿੰਦੇ ਹਨ ਕਿ ਨਿਰਮਲ ਰਿਸ਼ੀ ਜ਼ਿੰਦਗੀ ਵਿੱਚ ਆਪਣੇ ਅਸੂਲਾਂ 'ਤੇ ਚੱਲਣ ਵਾਲੇ ਅਤੇ ਅਨੁਸ਼ਾਸਿਤ ਇਨਸਾਨ ਹਨ।ਉਹ ਕਹਿੰਦੇ ਹਨ ਕਿ ਨਿਰਮਲ ਰਿਸ਼ੀ ਨੂੰ ਇਹ ਐਵਾਰਡ ਮਿਲਣ ਨਾਲ ਬਾਕੀ ਕਲਾਕਾਰਾਂ ਦਾ ਵੀ ਹੌਸਲਾ ਬੁਲੰਦ ਹੋਵੇਗਾ ਅਤੇ ਸੇਧ ਮਿਲੇਗੀ।

# ਅਮਰੀਕੀ ਸੰਸਦ ਵੱਲੋਂ ਯੂਕਰੇਨ, ਇਜ਼ਰਾਈਲ, ਤਾਇਵਾਨ ਤੇ ਹਿੰਦ ਪ੍ਰਸ਼ਾਂਤ ਖ਼ਿੱਤੇ ਲਈ ਪੈਕੇਜ ਮਨਜ਼ੂਰ

ਵਾਸ਼ਿੰਗਟਨ : ਅਮਰੀਕੀ ਸੰਸਦ ਨੇ ਯੂਕਰੇਨ ਅਤੇ ਇਜ਼ਰਾਈਲ ਨੂੰ ਸਹਾਇਤਾ ਦੇਣ ਅਤੇ ਤਾਇਵਾਨ ਸਮੇਤ ਹਿੰਦ ਪ੍ਰਸ਼ਾਂਤ ਖ਼ਿੱਤੇ 'ਚ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਦੀ ਸੁਰੱਖਿਆ ਮਜ਼ਬੂਤ ਕਰਨ ਲਈ 95.3 ਅਰਬ ਡਾਲਰ ਦੇ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸੰਸਦ ਨੇ ਚੀਨੀ ਕੰਪਨੀ ਨੂੰ ਟਿਕਟੌਕ ਵੇਚਣ ਲਈ ਇਕ ਸਾਲ ਦਾ ਸਮਾਂ ਦਿੱਤਾ ਹੈ ਅਤੇ ਜੇਕਰ ਉਹ ਨਾਕਾਮ ਰਹੀ ਤਾਂ ਉਸ ਖ਼ਿਲਾਫ਼ ਪਾਬੰਦੀ ਲੱਗ ਸਕਦੀ ਹੈ। ਸੰਸਦ 'ਚ ਮੰਗਲਵਾਰ ਰਾਤ ਸਹਾਇਤਾ ਪੈਕੇਜ ਨੂੰ ਮਿਲੀ ਮਨਜ਼ੂਰੀ ਨਾਲ ਕਈ ਮਹੀਨਿਆਂ ਤੋਂ ਜਾਰੀ ਉਸ ਬੇਯਕੀਨੀ ਦਾ ਮਾਹੌਲ ਖ਼ਤਮ ਹੋ ਗਿਆ ਹੈ ਕਿ ਕੀ ਅਮਰੀਕਾ ਵੱਲੋਂ ਰੂਸ ਦੇ ਹਮਲੇ ਖ਼ਿਲਾਫ਼ ਯੂਕਰੇਨ ਦੀ ਸਹਾਇਤਾ ਜਾਰੀ ਰੱਖੀ ਜਾਵੇਗੀ ਜਾਂ ਨਹੀਂ। ਬਿੱਲ ਦੇ ਪੱਖ 'ਚ 79 ਅਤੇ ਵਿਰੋਧ 'ਚ 18 ਵੋਟਾਂ ਪਈਆਂ। ਪ੍ਰਤੀਨਿਧ ਸਭਾ ਵੱਲੋਂ ਪਾਸ ਇਸ ਬਿੱਲ ਨੂੰ ਹੁਣ ਰਾਸ਼ਟਰਪਤੀ ਜੋਅ ਬਾਇਡਨ ਕੋਲ ਦਸਤਖ਼ਤ ਲਈ ਭੇਜਿਆ ਗਿਆ ਹੈ। ਬਾਇਡਨ ਨੇ ਇਕ ਬਿਆਨ 'ਚ ਕਿਹਾ ਕਿ ਬਿੱਲ ਆਉਂਦੇ ਸਾਰ ਉਹ ਉਸ 'ਤੇ ਦਸਤਖ਼ਤ ਕਰਨਗੇ ਤਾਂ ਜੋ ਯੂਕਰੇਨ ਨੂੰ ਇਸੇ ਹਫ਼ਤੇ ਹਥਿਆਰ ਅਤੇ ਸਾਜ਼ੋ-ਸਾਮਾਨ ਭੇਜਿਆ ਜਾ ਸਕੇ। ਬਿੱਲ ਮੁਤਾਬਕ ਯੂਕਰੇਨ ਨੂੰ 60.8 ਅਰਬ, ਇਜ਼ਰਾਈਲ ਨੂੰ 26.4 ਅਰਬ, ਤਾਇਵਾਨ ਅਤੇ ਹਿੰਦ ਪ੍ਰਸ਼ਾਂਤ ਖ਼ਿੱਤੇ ਦੇ ਭਾਈਵਾਲਾਂ ਲਈ 8.1 ਅਰਬ ਡਾਲਰ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਅਮਰੀਕਾ ਨੇ ਚੀਨ ਦੀ ਮਲਕੀਅਤ ਵਾਲੀ ਬਾਈਟਡਾਂਸ ਲਿਮਟਿਡ ਨੂੰ ਟਿਕਟੌਕ ਵਿੱਚ ਆਪਣੀ ਹਿੱਸੇਦਾਰੀ ਵੇਚਣ ਸਬੰਧੀ ਬਿੱਲ ਵੀ ਪਾਸ ਕੀਤਾ ਹੈ। ਕੰਪਨੀ ਨੂੰ ਇਕ ਸਾਲ ਦਾ ਸਮਾਂ ਦਿੱਤਾ ਗਿਆ ਹੈ। ਨੌਂ ਰਿਪਬਲਿਕਨਾਂ ਨੇ ਫਰਵਰੀ 'ਚ ਬਿੱਲ ਦਾ ਵਿਰੋਧ ਕੀਤਾ ਸੀ ਪਰ ਇਸ ਵਾਰ ਉਹ ਬਿੱਲ ਦੇ ਹੱਕ 'ਚ ਨਿੱਤਰੇ। ਸੈਨੇਟਰ ਮਿਚ ਮੈਕੌਨਲ ਨੇ ਕਿਹਾ ਕਿ ਬਿੱਲ ਮੁਤਾਬਕ ਸਾਰੀ ਫੰਡਿੰਗ 'ਚੋਂ 75 ਫ਼ੀਸਦ ਪੈਸਾ ਅਮਰੀਕਾ ਕੋਲ ਹੀ ਰਹੇਗਾ ਕਿਉਂਕਿ ਇਹ ਮੁਲਕ ਦੀਆਂ ਰੱਖਿਆ ਸਨਅਤਾਂ ਕੋਲ ਜਾਵੇਗਾ। ਚੀਨ ਨੇ ਅਮਰੀਕਾ ਵੱਲੋਂ ਤਾਇਵਾਨ ਨੂੰ ਫ਼ੌਜੀ ਸਹਾਇਤਾ ਲਈ ਪੈਕੇਜ ਦੇ ਕੀਤੇ ਐਲਾਨ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਸ ਨਾਲ ਤਾਇਵਾਨ 'ਚ ਹਾਲਾਤ ਹੋਰ ਖ਼ਤਰਨਾਕ ਬਣ ਜਾਣਗੇ। ਚੀਨ ਦਾਅਵਾ ਕਰਦਾ ਆ ਰਿਹਾ ਹੈ ਕਿ ਤਾਇਵਾਨ ਉਸ ਦਾ ਇਲਾਕਾ ਹੈ ਅਤੇ ਜੇ ਲੋੜ ਪਈ ਤਾਂ ਉਹ ਇਸ 'ਤੇ ਜਬਰੀ ਕਬਜ਼ਾ ਕਰ ਲਵੇਗਾ।

# ਅੱਤਵਾਦ 21ਵੀਂ ਸਦੀ ਦੇ ਸਭ ਤੋਂ ਗੰਭੀਰ ਖ਼ਤਰਿਆਂ 'ਚੋਂ ਇੱਕ: ਰਾਸ਼ਟਰਪਤੀ ਪੁਤਿਨ

ਮਾਸਕੋ : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਬੁੱਧਵਾਰ ਨੂੰ ਕਿਹਾ ਕਿ ਅੰਤਰਰਾਸ਼ਟਰੀ ਅੱਤਵਾਦ 21ਵੀਂ ਸਦੀ ਦੇ ਸਭ ਤੋਂ ਗੰਭੀਰ ਖ਼ਤਰਿਆਂ ਵਿੱਚੋਂ ਇੱਕ ਹੈ। ਪੁਤਿਨ ਨੇ ਰੂਸ ਦੀ ਸਰਪ੍ਰਸਤੀ ਹੇਠ ਸੇਂਟ ਪੀਟਰਸਬਰਗ ਵਿੱਚ ਸੁਰੱਖਿਆ ਮੁੱਦਿਆਂ ਦੇ ਇੰਚਾਰਜ ਉੱਚ ਪ੍ਰਤੀਨਿਧੀਆਂ ਦੀ 12ਵੀਂ ਅੰਤਰਰਾਸ਼ਟਰੀ ਮੀਟਿੰਗ ਵਿੱਚ ਭਾਗੀਦਾਰਾਂ ਨੂੰ ਇੱਕ ਵੀਡੀਓ ਸੰਬੋਧਨ ਵਿੱਚ ਕਿਹਾ, ਬਿਨਾਂ ਸ਼ੱਕ ਅੰਤਰਰਾਸ਼ਟਰੀ ਅੱਤਵਾਦ 21ਵੀਂ ਸਦੀ ਦੇ ਸਭ ਤੋਂ ਗੰਭੀਰ ਖ਼ਤਰਿਆਂ ਵਿੱਚੋਂ ਇੱਕ ਹੈ। ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਗਏ ਅੱਤਵਾਦੀ ਹਮਲਿਆਂ ਦਾ ਉਦੇਸ਼ ਸੰਵਿਧਾਨਕ ਬੁਨਿਆਦ ਨੂੰ ਕਮਜ਼ੋਰ ਕਰਨਾ, ਪ੍ਰਭੂਸੱਤਾ ਸੰਪੰਨ ਰਾਜਾਂ ਨੂੰ ਅਸਥਿਰ ਕਰਨਾ ਅਤੇ ਅੰਤਰ-ਨਸਲੀ ਅਤੇ ਅੰਤਰ-ਧਾਰਮਿਕ ਨਫ਼ਰਤ ਨੂੰ ਭੜਕਾਉਣਾ ਹੈ।



# ਇਜ਼ਰਾਈਲ ਦੇ ਮਿਜ਼ਾਈਲ ਹਮਲੇ ਤੋਂ ਈਰਾਨ ਦਾ ਇਨਕਾਰ, ਕਿਹਾ- ਨਹੀਂ ਹੋਇਆ ਕੋਈ ਹਵਾਈ



ਦੋ ਅਮਰੀਕੀ ਅਧਿਕਾਰੀਆਂ ਨੇ ਬੀਬੀਸੀ ਦੇ ਅਮਰੀਕੀ ਸਹਿਯੋਗੀ ਸੀਬੀਐੱਸ ਨਿਊਜ਼ ਨੂੰ ਦੱਸਿਆ ਹੈ ਕਿ ਇੱਕ ਇਜ਼ਰਾਈਲੀ ਮਿਜ਼ਾਈਲ ਨੇ ਈਰਾਨ ਨੂੰ ਨਿਸ਼ਾਨਾ ਬਣਾਇਆ ਹੈ। ਈਰਾਨ ਦੇ ਸਰਕਾਰੀ ਮੀਡੀਆ ਨੇ ਮੱਧ ਸੂਬੇ ਇਸਫਾਹਾਨ ਵਿੱਚ ਧਮਾਕਿਆਂ ਦੀਆਂ ਅਪੁਸ਼ਟ ਰਿਪੋਰਟਾਂ ਦਾ ਹਵਾਲਾ ਦਿੱਤਾ ਹੈ। ਸਰਕਾਰੀ ਮੀਡੀਆ ਦਾ ਕਹਿਣਾ ਹੈ ਕਿ ਕਈ ਸ਼ਹਿਰਾਂ ਵਿੱਚ ਹਵਾਈ ਉਡਾਣਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਜ਼ਰਾਈਲ ਵੱਲੋਂ ਕਿਹਾ ਗਿਆ ਹੈ ਕਿ ਉਹ ਸ਼ਨੀਵਾਰ ਰਾਤ ਨੂੰ ਹੋਏ ਈਰਾਨੀ ਹਮਲੇ ਦਾ ਜਵਾਬ ਦੇਵੇਗਾ ਇਸ ਤੋਂ ਬਾਅਦ ਈਰਾਨ ਹਾਈ ਅਲਰਟ ’ਤੇ ਹੈ। ਈਰਾਨ ਨੇ ਆਪਣੇ ਬੇਮਿਸਾਲ ਹਮਲੇ ਦੌਰਾਨ ਇਜ਼ਰਾਈਲ ’ਤੇ 300 ਤੋਂ ਵੱਧ ਡਰੋਨ ਅਤੇ ਮਿਜ਼ਾਈਲਾਂ ਦਾਗੀਆਂ ਸਨ।

**ਇਰਾਨੀ ਸਰਕਾਰੀ ਮੀਡੀਆ ਕੀ ਕਹਿ ਰਿਹਾ ਹੈ**

ਈਰਾਨ ਦੇ ਸਰਕਾਰੀ ਪ੍ਰਸਾਰਕ ਆਈਆਰਆਈਬੀ ਨੇ ਭਰੋਸੇਯੋਗ ਸਰੋਤਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਦੇਸ਼ ਦੇ ਕਈ ਖੇਤਰਾਂ ਵਿੱਚ ਜ਼ੋਰਦਾਰ ਆਵਾਜ਼ਾਂ ਸੁਣੀਆਂ ਗਈਆਂ ਜੋ ਕਈ ਅਣਪਛਾਤੇ ਮਿੰਨੀ-ਡਰੋਨਾਂ ਦਾ ਮੁਕਾਬਲਾ ਕਰਨ ਲਈ ਹਵਾਈ ਰੱਖਿਆ ਨੂੰ ਸਰਗਰਮ ਕੀਤੇ ਜਾਣ ਦਾ ਨਤੀਜਾ ਸਨ।ਸਰਕਾਰੀ ਖ਼ਬਰ ਏਜੰਸੀ ਆਈਆਰਐੱਨਏ ਮੁਤਾਬਕ ਦੇਸ ਦੇ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਕਈ ਸੂਬਿਆਂ ਵਿਚ ਸਰਗਰਮ ਕਰ ਦਿੱਤਾ ਗਿਆ ਹੈ।ਏਜੰਸੀ ਨੇ ਕਿਹਾ ਕਿ ਦੇਸ਼ਨੇ ਆਪਣੀਆਂ ਹਵਾਈ ਰੱਖਿਆ ਬੈਟਰੀਆਂ ਕੱਢ ਦਿੱਤੀਆਂ ਹਨ।ਏਜੰਸੀ ਨੇ ਇਹ ਵੀ ਦੱਸਿਆ ਹੈ ਕਿ ਹਮਲੇ ਤੋਂ ਬਾਅਦ ਈਰਾਨ ਦੀਆਂ ਪ੍ਰਮਾਣੂ ਸਹੂਲਤਾਂ ਸੁਰੱਖਿਅਤ ਹਨ।ਇਸਫਹਾਨ ਵਿੱਚ ਈਰਾਨ ਦਾ ਇੱਕ ਪ੍ਰਮੁੱਖ ਫੌਜੀ ਹਵਾਈ ਅੱਡਾ ਹੈ ਅਤੇ ਸੂਬੇ ਵਿੱਚ ਕਈ ਈਰਾਨੀ ਪ੍ਰਮਾਣੂ ਸਾਈਟਾਂ ਵੀ ਹਨ।ਇੱਥੇ ਹੀ ਨਟਾਨਜ਼ ਸ਼ਹਿਰ ਸਥਿਤ ਹੈ ਜੋ ਈਰਾਨ ਦੇ ਯੂਰੇਨੀਅਮ ਸੰਸ਼ੋਧਨ ਪ੍ਰੋਗਰਾਮ ਦਾ ਇੱਕ ਧੁਰਾ ਹੈ। ਈਰਾਨ ਵੱਲੋਂ ਇਜ਼ਰਾਈਲ ਦੇ ਕਿਸੇ ਵੀ ਹਮਲੇ ਦਾ ਤੁਰੰਤ ਜਵਾਬ ਦੇਣ ਦੀ ਚੇਤਾਵਨੀ ਈਰਾਨ ਦੇ ਵਿਦੇਸ਼ ਮੰਤਰੀ ਨੇ ਕਿਸੇ ਵੀ ਇਜ਼ਰਾਈਲੀ ਹਮਲੇ ਦਾ ਤੁਰੰਤ ਜਵਾਬ ਦੇਣ ਦੀ ਚੇਤਾਵਨੀ ਦਿੱਤੀ ਹੈ।ਅੱਜ ਦੀਆਂ ਰਿਪੋਰਟਾਂ ਤੋਂ ਪਹਿਲਾਂ ਦੇ ਘੰਟਿਆਂ ਵਿੱਚ, ਈਰਾਨ ਦੇ ਵਿਦੇਸ਼ ਮੰਤਰੀ ਹੁਸੈਨ ਅਮੀਰ-ਅਬਦੁੱਲਾਯਾਨ ਨੇ ਚੇਤਾਵਨੀ ਦਿੱਤੀ ਕਿ ਇਜ਼ਰਾਈਲ ਦੁਆਰਾ ਕਿਸੇ ਵੀ ਜਵਾਬੀ ਕਾਰਵਾਈ ਲਈ ਉਨ੍ਹਾਂ ਦੇ ਦੇਸ ਦਾ ਜਵਾਬ ÷ਤੁਰੰਤ ਅਤੇ ਵੱਡੇ ਤੋਂ ਵੱਡੇ ਪੱਧਰ ’ਤੇ ਹੋਵੇਗਾ। ਉਨ੍ਹਾਂ ਨੇ ਵੀਰਵਾਰ ਨੂੰ ਸੀਐੱਨਐੱਨ ’ਤੇ ਇੱਕ ਇੰਟਰਵਿਊ ਦੌਰਾਨ ਇਹ ਟਿੱਪਣੀਆਂ ਕੀਤੀਆਂ।ਇਸ ਹਫਤੇ ਦੇ ਸ਼ੁਰੂ ਵਿੱਚ, ਉਨ੍ਹਾਂ ਨੇ ਕਿਹਾ ਸੀ ਕਿ ਸ਼ਨੀਵਾਰ ਨੂੰ ਇਜ਼ਰਾਈਲ ਉੱਤੇ ਉਨ੍ਹਾਂ ਦੇ ਦੇਸ ਦਾ ਹਮਲਾ (ਜਿਸ ਵਿੱਚ 300 ਤੋਂ ਵੱਧ ਡਰੋਨ ਅਤੇ ਮਿਜ਼ਾਈਲਾਂ ਦੀ ਵਰਤੋਂ ਕੀਤੀ ਗਈ ਸੀ) ਜਾਇਜ਼ ਰੱਖਿਆ ਦੇ ਅਧਿਕਾਰ ਦੀ ਵਰਤੋਂ ਸੀ।ਤਹਿਰਾਨ ਨੇ ਕਿਹਾ ਹੈ ਕਿ ਇਹ ਕਾਰਵਾਈ ਪਹਿਲੀ ਅਪ੍ਰੈਲ ਨੂੰ ਸੀਰੀਆ ਵਿਚ ਉਸ ਦੇ ਕੌਂਸਲੇਟ ਉੱਤੇ ਇਜ਼ਰਾਈਲੀ ਹਵਾਈ ਹਮਲੇ ਦਾ ਬਦਲਾ ਲੈਣ ਲਈ ਕੀਤੀ ਗਈ ਸੀ,। ਹਮਲੇ ਵਿੱਚ 13 ਜਣਿਆਂ ਦੀ ਜਾਨ ਚਲੀ ਗਈ ਸੀ।ਅਮਰੀਕੀ ਅਧਿਕਾਰੀਆਂ ਵੱਲੋਂ ਈਰਾਨ ’ਤੇ ਇਜ਼ਰਾਈਲ ਦੇ ਹਮਲੇ ਦੀ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਵਿਸ਼ਵ ਪੱਧਰ ’ਤੇ ਤੇਲ ਅਤੇ ਸੋਨੇ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ।ਸ਼ੁੱਕਰਵਾਰ ਨੂੰ ਏਸ਼ੀਆ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤਿੰਨ ਫੀਸਦੀ ਦਾ ਵਾਧਾ ਦਰਜ ਕੀਤਾ ਗਿਆ।ਕੱਚੇ ਤੇਲ ਦੀ ਕੀਮਤ 90 ਡਾਲਰ ਪ੍ਰਤੀ ਬੈਰਲ ਦੇ ਕਰੀਬ ਪਹੁੰਚ ਗਈ ਹੈ।ਇਸ ਦੇ ਨਾਲ ਹੀ ਸੋਨੇ ਦੀ ਕੀਮਤ ਨਵਾਂ ਰਿਕਾਰਡ ਛੂਹ ਕੇ 2400 ਡਾਲਰ ਪ੍ਰਤੀ ਔਂਸ ’ਤੇ ਪਹੁੰਚ ਗਈ।ਜਾਪਾਨ, ਹਾਂਗਕਾਂਗ ਅਤੇ ਦੱਖਣੀ ਕੋਰੀਆ ਵਿੱਚ ਵੀ ਬੈਂਚਮਾਰਕ ਸਟਾਕਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ।ਨਿਵੇਸ਼ਕ ਈਰਾਨ ਦੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਇਜ਼ਰਾਈਲ ਦੀ ਪ੍ਰਤੀਕਿਰਿਆ ’ਤੇ ਨਜ਼ਰ ਰੱਖ ਰਹੇ ਹਨ।

**ਈਰਾਨ ਨੇ ਇਜ਼ਰਾਈਲ ’ਤੇ ਕੀਤਾ ਸੀ ਹਮਲਾ**

ਪਿਛਲੇ ਐਤਵਾਰ, ਈਰਾਨ ਨੇ ਇਜ਼ਰਾਈਲ ’ਤੇ ਲਗਭਗ 300 ਮਿਜ਼ਾਈਲਾਂ ਅਤੇ ਡਰੋਨ ਦਾਗੇ ਸਨ।ਇਜ਼ਰਾਈਲ ਨੇ ਈਰਾਨ ਵੱਲੋਂ ਦਾਗੇ ਗਏ ਸਾਰੇ ਡਰੋਨ ਅਤੇ ਮਿਜ਼ਾਈਲਾਂ ਨੂੰ ਡੇਗਣ ਦਾ ਦਾਅਵਾ ਕੀਤਾ ਸੀ।ਹਾਲਾਂਕਿ ਇਸ ਤੋਂ ਬਾਅਦ ਹੀ ਇਜ਼ਰਾਈਲ ਇਹ ਦਾਅਵਾ ਕਰ ਰਿਹਾ ਸੀ ਕਿ ਸਹੀ ਸਮਾਂ ਆਉਣ ’ਤੇ ਉਹ ਈਰਾਨ ਦੀਆਂ ਕਾਰਵਾਈਆਂ ਦਾ ਜਵਾਬ ਜ਼ਰੂਰ ਦੇਵੇਗਾ।1 ਅਪ੍ਰੈਲ ਨੂੰ ਸੀਰੀਆ ਦੀ ਰਾਜਧਾਨੀ ਦਮਿਸ਼ਕ ਵਿੱਚ ਈਰਾਨੀ ਦੂਤਾਵਾਸ ਉੱਤੇ ਹਮਲਾ ਕੀਤਾ ਗਿਆ ਸੀ। ਇਸ ਹਮਲੇ ਵਿੱਚ ਇੱਕ ਸੀਨੀਅਰ ਜਨਰਲ ਸਮੇਤ ਕੁੱਲ 13 ਲੋਕ ਮਾਰੇ ਗਏ ਸਨ।ਈਰਾਨ ਨੇ ਇਸ ਹਮਲੇ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਾਲਾਂਕਿ, ਇਜ਼ਰਾਈਲ ਨੇ ਇਸ ਹਮਲੇ ਦੀ ਸਿੱਧੇ ਤੌਰ ’ਤੇ ਜ਼ਿੰਮੇਵਾਰੀ ਨਹੀਂ ਲਈ ਹੈ।

**ਵਿਸ਼ਲੇਸ਼ਣ**

ਇਜ਼ਰਾਈਲ ਨੇ ਸਪੱਸ਼ਟ ਕੀਤਾ ਹੈ ਕਿ ਉਹ ਪਿਛਲੇ ਹਫਤੇ ਦੇ ਅੰਤ ਵਿੱਚ ਈਰਾਨ ਦੇ ਡਰੋਨ ਅਤੇ ਮਿਜ਼ਾਈਲਾਂ ਦੇ ਹਮਲੇ ਦਾ ਕਿਸੇ ਤਰ੍ਹਾਂ ਜਵਾਬ ਦੇਵੇਗਾ ਅਤੇ ਹੁਣ ਲਗਦਾ ਹੈ ਕਿ ਅਜਿਹਾ ਹੋਇਆ ਹੈ। ਜੇ ਇਹ ਸੱਚਮੁੱਚ ਇਜ਼ਰਾਈਲ ਦੇ ਜਵਾਬ ਦੀ ਸ਼ੁਰੂਆਤ ਅਤੇ ਅੰਤ ਹੈ ਤਾਂ ਇਹ ਆਕਾਰ ਅਤੇ ਦਾਇਰੇ ਵਿੱਚ ਬਹੁਤ ਸੀਮਤ ਜਾਪਦਾ ਹੈ। ਇਸਫਾਹਾਨ ਅੱਜ ਸਵੇਰੇ ਆਮ ਦਿਖਾਈ ਦੇ ਰਿਹਾ ਹੈ। ਸਾਰਾ ਹਫ਼ਤਾ ਇਜ਼ਰਾਈਲ ਦੇ ਪੱਛਮੀ ਸਹਿਯੋਗੀ, ਖ਼ਾਸਕਰ ਅਮਰੀਕਾ ਅਤੇ ਬ੍ਰਿਟੇਨ, ਆਪਣੀ ਸਰਕਾਰ ਨੂੰ ਈਰਾਨੀ ਮਿਜ਼ਾਈਲ ਹਮਲੇ ਦਾ ਭਾਰੀ ਜਵਾਬ ਨਾ ਦੇਣ ਲਈ ਬੇਨਤੀ ਕਰ ਰਹੇ ਹਨ। ਹਾਲਾਂਕਿ ਇਹ ਇੱਕ ਨਾਟਕੀ ਘਟਨਾਕ੍ਰਮ ਸੀ, ਇਹ ਆਪਣੇ ਆਪ ਵਿੱਚ 1 ਅਪ੍ਰੈਲ ਨੂੰ ਦਮਿਸ਼ਕ ਵਿੱਚ ਈਰਾਨ ਦੇ ਕੌਂਸਲੇਟ ਉੱਤੇ ਇਜ਼ਰਾਈਲ ਦੇ ਬੇਮਿਸਾਲ ਹਵਾਈ ਹਮਲੇ ਦਾ ਬਦਲਾ ਸੀ ਜਿਸ ਵਿੱਚ ਦੋ ਚੋਟੀ ਦੇ ਜਨਰਲਾਂ ਸਮੇਤ 13 ਜਣੇ ਮਾਰੇ ਗਏ ਸਨ। ਇੱਥੋਂ ਇਹ ਹੁਣ ਕਿਵੇਂ ਵਿਕਸਤ ਹੁੰਦਾ ਹੈ ਇਹ ਦੋ ਚੀਜ਼ਾਂ @ਤੇ ਨਿਰਭਰ ਕਰੇਗਾ: ਕੀ ਇਹ ਇਜ਼ਰਾਈਲ ਦੇ ਹਮਲੇ ਦਾ ਅੰਤ ਹੈ ਅਤੇ ਕੀ ਈਰਾਨ ਹੁਣ ਵਾਪਸ ਹਮਲਾ ਕਰਨ ਦਾ ਫੈਸਲਾ ਕਰਦਾ ਹੈ। ਯੇਰੂਸ਼ਲੇਮ ਤੋਂ ਬੀਬੀਸੀ ਦੀ ਮੱਧ ਪੂਰਬ ਪੱਤਰਕਾਰ ਯੋਲੈਂਡਾ ਕਨੈਲ ਮੁਤਾਬਕ-

ਸਾਰਾ ਹਫ਼ਤਾ ਇਸ ਬਾਰੇ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਇਜ਼ਰਾਈਲ ਕਦੋਂ ਅਤੇ ਕਿਵੇਂ ਪਿਛਲੇ ਹਫਤੇ ਦੇ ਬੇਮਿਸਾਲ ਈਰਾਨੀ ਹਮਲੇ ਦਾ ਬਦਲਾ ਲਵੇਗਾ - ਜਿਸ ਨੇ ਇਨ੍ਹਾਂ ਦੋ ਲੰਬੇ ਸਮੇਂ ਦੇ ਦੁਸ਼ਮਣਾਂ ਵਿਚਕਾਰ ਸ਼ੈਡੋ ਯੁੱਧ ਨੂੰ ਖ਼ਤਰਨਾਕ ਤੌਰ ’ਤੇ ਖੁੱਲ੍ਹੇ ਵਿੱਚ ਲਿਆਂਦਾ। ਹੁਣ, ਈਰਾਨ ਦੀ ਫਾਰਸ ਨਿਊਜ਼ ਏਜੰਸੀ ਦਾ ਕਹਿਣਾ ਹੈ ਕਿ ਇਸਫਾਹਾਨ ਸ਼ਹਿਰ ਵਿੱਚ ਇੱਕ ਫੌਜੀ ਬੇਸ ਦੇ ਨੇੜੇ ਧਮਾਕਿਆਂ ਦੀ ਆਵਾਜ਼ ਸੁਣੀ ਗਈ ਹੈ - ਸਥਾਨਕ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਸਰਗਰਮ ਕਰ ਰਿਹਾ ਹੈ। ਈਰਾਨ ਦੇ ਕਈ ਸ਼ਹਿਰਾਂ ਲਈ ਉਡਾਣਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਹਾਲਾਂਕਿ ਤਹਿਰਾਨ ਦੇ ਪ੍ਰਮੁੱਖ ਹਵਾਈ ਅੱਡਿਆਂ ਤੋਂ ਉਡਾਣਾਂ ਆਮ ਵਾਂਗ ਮੁੜ ਸ਼ੁਰੂ ਹੋ ਗਈਆਂ ਹਨ। ਸ਼ਨੀਵਾਰ ਰਾਤ ਨੂੰ, ਈਰਾਨ ਨੇ ਇਜ਼ਰਾਈਲ ’ਤੇ 300 ਤੋਂ ਵੱਧ ਹਮਲਾਵਰ ਡਰੋਨ ਅਤੇ ਮਿਜ਼ਾਈਲਾਂ ਦਾਗੀਆਂ। ਸਹਿਯੋਗੀਆਂ ਦੀ ਮਦਦ ਨਾਲ, ਜ਼ਿਆਦਾਤਰ ਇਜ਼ਰਾਈਲੀ ਖੇਤਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਮਾਰ ਦਿੱਤੇ ਗਏ ਸਨ।

## ਈਰਾਨ ਉੱਤੇ ਕੋਈ ਮਿਜ਼ਾਈਲ ਹਮਲਾ ਨਹੀਂ ਹੋਇਆ-ਅਧਿਕਾਰੀ

ਦੇਸ਼ ਦੇ ਨੈਸ਼ਨਲ ਸੈਂਟਰ ਆਫ ਸਾਈਬਰਸਪੇਸ ਦੇ ਬੁਲਾਰੇ ਵੱਲੋਂ ਈਰਾਨ ’ਤੇ ਮਿਜ਼ਾਈਲ ਹਮਲੇ ਦਾ ਸਿੱਧਾ ਖੰਡਨ ਕੀਤਾ ਗਿਆ ਹੈ। ਹੁਸੈਨ ਦਲੇਰੀਅਨ ਨੇ ਐਕਸ ’ਤੇ ਲਿਖਿਆ: ਬਾਹਰਲੀ ਸਰਹੱਦਾਂ ਤੋਂ ਇਸਫਾਹਾਨ ਜਾਂ ਦੇਸ ਦੇ ਹੋਰ ਹਿੱਸਿਆਂ ’ਤੇ ਕੋਈ ਹਵਾਈ ਹਮਲਾ ਨਹੀਂ ਹੋਇਆ ਹੈ।ਬੁਲਾਰੇ ਨੇ ਕਿਹਾ ਕਿ ਇਜ਼ਰਾਈਲ ਨੇ ਕਵਾਡਕਾਪਟਰਾਂ ਡਰੋਨ ਨੂੰ ਉਡਾਉਣ ਦੀ ਸਿਰਫ ਇੱਕ ਅਸਫਲ ਅਤੇ ਅਪਮਾਨਜਨਕ ਕੋਸ਼ਿਸ਼ ਕੀਤੀ ਸੀ ਅਤੇ ਕਵਾਡਕਾਪਟਰਾਂ ਨੂੰ ਵੀ ਮਾਰ ਦਿੱਤਾ ਗਿਆ ਹੈ।ਈਰਾਨ ਦੇ ਸਰਕਾਰੀ ਮੀਡੀਆ ਨੇ ਵੀ ਇਸੇ ਤਰ੍ਹਾਂ ਦੀ ਰਿਪੋਰਟ ਦਿੱਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਰਾਤੋ-ਰਾਤ ਦੇਸ ਦੇ ਕਈ ਖੇਤਰਾਂ ਵਿੱਚ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਸਰਗਰਮ ਕੀਤਾ ਗਿਆ ਸੀ, ਪਰ ਕਿਸੇ ਸਿੱਧੇ ਪ੍ਰਭਾਵ ਜਾਂ ਧਮਾਕੇ ਦੀ ਕੋਈ ਰਿਪੋਰਟ ਨਹੀਂ ਹੈ। ਇਹ ਜੋੜਦਾ ਹੈ ਕਿ ਪ੍ਰਮਾਣੂ ਸਹੂਲਤਾਂ ਸਮੇਤ ਸਾਰੀਆਂ ਸਹੂਲਤਾਂ ਸੁਰੱਖਿਅਤ ਹਨ।

# ਐਰੀਜ਼ੋਨਾ ਸੜਕ ਹਾਦਸੇ ’ਚ ਦੋ ਭਾਰਤੀ ਵਿਦਿਆਰਥੀ ਹਲਾਕ

ਵਾਸ਼ਿੰਗਟਨ : ਐਰੀਜ਼ੋਨਾ ਵਿਚ ਲੇਕ ਪਲੈਸੈਂਟ ਨੇੜੇ ਦੋ ਵਾਹਨਾਂ(ਕਾਰਾਂ) ਦੀ ਆਹਮੋ-ਸਾਹਮਣੀ ਟੱਕਰ ਵਿਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ। ਪੀੜਤਾਂ ਦੀ ਪਛਾਣ ਨਿਵੇਸ਼ ਮੁੱਕਾ(19) ਤੇ ਗੌਤਮ ਪਾਰਸੀ (19) ਵਜੋਂ ਹੋਈ ਹੈ। ਦੋਵੇਂ ਪਿੱਛੋਂ ਤਿਲੰਗਾਨਾ ਨਾਲ ਸਬੰਧਤ ਸਨ ਤੇ ਐਰੀਜ਼ੋਨਾ ਸਟੇਟ ਯੂਨੀਵਰਸਿਟੀ ਵਿਚ ਪੜ੍ਹਦੇ ਸਨ। ਪਿਓਰੀਆ ਪੁਲੀਸ ਮੁਤਾਬਕ ਉਨ੍ਹਾਂ ਨੂੰ 20 ਅਪਰੈਲ ਨੂੰ ਸ਼ਾਮੀਂ 6:18 ਵਜੇ ਦੇ ਕਰੀਬ ਕੈਸਲ ਹੌਟ ਸਪਰਿੰਗਜ਼ ਰੋਡ ’ਤੇ ਹਾਦਸਾ ਹੋਣ ਬਾਰੇ ਜਾਣਕਾਰੀ ਮਿਲੀ ਸੀ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁੱਕਾ ਤੇ ਪਾਰਸੀ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਮੌਕੇ ਉੱਤੇ ਹੀ ਦਮ ਤੋੜ ਗਏ ਸਨ ਜਦੋਂਕਿ ਜਿਸ ਕਾਰ ਵਿਚ ਉਹ ਸਵਾਰ ਸਨ, ਦੇ ਡਰਾਈਵਰ ਨੂੰ ਗੰਭੀਰ ਸੱਟਾਂ ਨਾਲ ਸਥਾਨਕ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਉਧਰ ਦੂਜੀ ਕਾਰ, ਜਿਸ ’ਚ ਇਕੱਲਾ ਡਰਾਈਵਰ ਹੀ ਮੌਜੂਦ ਸੀ, ਨੂੰ ਵੀ ਗੰਭੀਰ ਸੱਟਾਂ ਲੱਗੀਆਂ ਸਨ। ਹਾਦਸੇ ਦੀ ਜਾਂਚ ਦੌਰਾਨ ਇਲਾਕੇ ’ਚ ਕੁਝ ਘੰਟਿਆਂ ਲਈ ਆਵਾਜਾਈ ਬੰਦ ਰਹੀ, ਜਿਸ ਨੂੰ ਐਤਵਾਰ ਸਵੇਰੇ ਖੋਲ੍ਹ ਦਿੱਤਾ ਗਿਆ।

# ਇਰਾਨ ਨਾਲ ਕਾਰੋਬਾਰੀ ਸਮਝੌਤੇ ਕਰਨ ਵਾਲੇ ‘ਪਾਬੰਦੀਆਂ’ ਬਾਰੇ ਸੋਚ ਲੈਣ: ਅਮਰੀਕਾ

ਵਾਸ਼ਿੰਗਟਨ : ਇਰਾਨ ਦੇ ਰਾਸ਼ਟਰਪਤੀ ਸੱਯਦ ਇਬਰਾਹਿਮ ਰਾਇਸੀ ਦੀ ਪਲੇਠੀ ਇਸਲਾਮਾਬਾਦ ਫੇਰੀ ਤੋਂ ਇਕ ਦਿਨ ਮਗਰੋਂ ਅਮਰੀਕਾ ਨੇ ਚੇਤਾਵਨੀ ਦਿੱਤੀ ਹੈ ਕਿ ਇਰਾਨ ਨਾਲ ਕਾਰੋਬਾਰੀ ਸਮਝੌਤਾ ਕਰਨ ਵਾਲੇ (ਮੁਲਕ) ‘ਪਾਬੰਦੀਆਂ ਦੇ ਸੰਭਾਵੀ ਜੋਖ਼ਮ’ ਬਾਰੇ ਸੋਚ ਲੈਣ। ਦੁਵੱਲੇ ਸਹਿਯੋਗ ਨੂੰ ਹੁਲਾਰਾ ਦੇਣ ਲਈ ਰਾਇਸੀ ਦੀ ਤਿੰਨ ਰੋਜ਼ਾ ਫੇਰੀ ਦੌਰਾਨ ਪਾਕਿਸਤਾਨ ਤੇ ਇਰਾਨ ਨੇ ਕਈ ਸਮਝੌਤਿਆਂ ’ਤੇ ਦਸਤਖ਼ਤ ਕੀਤੇ ਹਨ। ਅਮਰੀਕਾ ਨੇ ਇਹ ਸੱਜਰੀ ਚੇਤਾਵਨੀ ਅਜਿਹੇ ਮੌਕੇ ਦਿੱਤੀ ਹੈ ਜਦੋਂ ਉਸ ਨੇ ਪਾਕਿਸਤਾਨ ਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਦੇ ਸਪਲਾਇਰਾਂ, ਜਿਨ੍ਹਾਂ ਵਿਚ ਤਿੰਨ ਚੀਨੀ ਕੰਪਨੀਆਂ ਵੀ ਸ਼ਾਮਲ ਹਨ, ਉੱਤੇ ਪਾਬੰਦੀਆਂ ਆਇਦ ਕੀਤੀਆਂ ਹਨ। ਅਮਰੀਕਾ ਨੇ ਹਾਲਾਂਕਿ ਇਹ ਗੱਲ ਵੀ ਕਹੀ ਕਿ ਉਸ ਦੇ ਪਾਕਿਸਤਾਨ ਨਾਲ ਬਹੁਤ ਚੰਗੇ ਸਬੰਧ ਹਨ ਤੇ ਉਹ ‘ਖਿੱਤੇ ਵਿਚ ਉਸ ਦਾ ਅਹਿਮ ਸੁਰੱਖਿਆ ਭਾਈਵਾਲ’ ਹੈ। ਰਾਇਸੀ ਦੀ ਬੁੱਧਵਾਰ ਨੂੰ ਸਮਾਪਤ ਹੋਈ ਤਿੰਨ ਰੋਜ਼ਾ ਫੇਰੀ ਦੌਰਾਨ ਇਰਾਨ ਤੇ ਪਾਕਿਸਤਾਨ ਨੇ ਅੱਠ ਸਮਝੌਤਿਆਂ ’ਤੇ ਸਹੀ ਪਾਈ ਤੇ ਆਉਂਦੇ ਸਾਲਾਂ



ਵਿਚ ਵਣਜ ਨੂੰ ਵਧਾ ਕੇ 10 ਅਰਬ ਡਾਲਰ ਕਰਨ ਦਾ ਅਹਿਦ ਲਿਆ। ਅਮਰੀਕੀ ਵਿਦੇਸ਼ ਵਿਭਾਗ ਦੇ ਉਪ ਤਰਜਮਾਨ ਵੇਦਾਂਤ ਪਟੇਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਕਿਹਾ, “ਅਸੀਂ ਸਲਾਹ ਦਿੰਦੇ ਹਾਂ ਕਿ ਜੇਕਰ ਕੋਈ ਇਰਾਨ ਨਾਲ ਕਾਰੋਬਾਰੀ ਸਮਝੌਤੇ ਕਰਨ ਬਾਰੇ ਸੋਚ ਰਿਹਾ ਹੈ ਤਾਂ ਉਹ ਪਾਬੰਦੀਆਂ ਦੇ ਜੋਖ਼ਮ ਤੋਂ ਵੀ ਜਾਣੂ ਰਹੇ।”

# ਗੀਤਾ ਸਭਰਵਾਲ ਇੰਡੋਨੇਸ਼ੀਆ ਵਿੱਚ ਯੂਐੱਨ ਦੀ ਕੋਆਰਡੀਨੇਟਰ ਨਿਯੁਕਤ

ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਭਾਰਤ ਦੀ ਗੀਤਾ ਸਭਰਵਾਲ ਨੂੰ ਇੰਡੋਨੇਸ਼ੀਆ ਵਿੱਚ ਸੰਯੁਕਤ ਰਾਸ਼ਟਰ ਦੀ ਰੈਜ਼ੀਡੈਂਟ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਸੰਯੁਕਤ ਰਾਸ਼ਟਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਭਰਵਾਲ ਨੇ ਸੋਮਵਾਰ ਨੂੰ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਕਿਹਾ ਕਿ ਸਭਰਵਾਲ ਕੋਲ ਟਿਕਾਊ ਵਿਕਾਸ ਟੀਚਿਆਂ (ਐੱਸਡੀਜੀ) ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕੰਮ ਕਰਨ ਲਈ ਡਿਜੀਟਲ ਤਕਨਾਲੋਜੀ ਅਤੇ ਡੇਟਾ ਦੀ ਵਰਤੋਂ ਕਰਦੇ ਹੋਏ ਜਲਵਾਯੂ ਤਬਦੀਲੀ, ਸਥਾਈ ਸ਼ਾਂਤੀ, ਸ਼ਾਸਨ ਅਤੇ ਸਮਾਜਿਕ ਨੀਤੀ ਦੇ ਖੇਤਰਾਂ ਵਿੱਚ ਕੰਮ ਕਰਨ ਦਾ ਲਗਪਗ 30 ਸਾਲ ਦਾ ਤਜਰਬਾ ਹੈ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਮੇਜ਼ਬਾਨ ਸਰਕਾਰ ਦੀ ਮਨਜ਼ੂਰੀ ਨਾਲ ਸਭਰਵਾਲ ਨੂੰ ਇੰਡੋਨੇਸ਼ੀਆ ਵਿੱਚ ਸੰਯੁਕਤ ਰਾਸ਼ਟਰ ਦਾ ਰੈਜ਼ੀਡੈਂਟ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਸਭਰਵਾਲ ਨੇ ‘ਐਕਸ’ ’ਤੇ ਸਾਂਝੀ ਕੀਤੀ ਪੋਸਟ ਵਿੱਚ ਕਿਹਾ, “ਮੈਂ ਹੁਣੇ ਜਕਾਰਤਾ ਪਹੁੰਚੀ ਹਾਂ। ਮੈਂ ਐੱਸਡੀਜੀ ਦੀ ਦਿਸ਼ਾ ਵਿੱਚ ਕੰਮ ਕਰਨ ਲਈ ਖੇਤਰ ਦੀ ਸਭ ਤੋਂ ਵੱਡੀ ਅਰਥਵਿਵਸਥਾ ਵਿੱਚ ਸ਼ਾਮਲ ਦੇਸ਼ ਵਿੱਚ ਸੰਯੁਕਤ ਰਾਸ਼ਟਰ ਦੀ ਰੈਜ਼ੀਡੈਂਟ ਕੋਆਰਡੀਨੇਟਰ ਵਜੋਂ 26 ਸੰਯੁਕਤ ਰਾਸ਼ਟਰ ਏਜੰਸੀਆਂ ਦੇ ਸਹਿਯੋਗ ਨਾਲ ਇੰਡੋਨੇਸ਼ੀਆ ਦੀ ਸਰਕਾਰ ਤੇ



ਇੰਡੋਨੇਸ਼ੀਆ ਦੇ ਲੋਕਾਂ ਦੀ ਸੇਵਾ ਕਰਨ ਲਈ ਉਤਸੁਕ ਹਾਂ। ਇਹ ਮੇਰੇ ਲਈ ਮਾਣ ਵਾਲੀ ਗੱਲ ਹੈ।”

# ਹਾਏ ਉਏ ਮਰ ਗਏ, ਵੱਟਸਐਪ ਤੇ ਫੇਸਬੁੱਕ ਬੰਦ ਹੋ

4 ਅਕਤੂਬਰ ਦੀ ਰਾਤ ਨੂੰ 10 11 ਵਜੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿੱਚ ਅਚਾਨਕ ਫੇਸ ਬੁੱਕ, ਵੱਟਸਐਪ ਤੇ ਇੰਸਟਾਗਰਾਮ 6 ਘੰਟੇ ਲਈ ਬੰਦ ਹੋ ਜਾਣ ਕਾਰਨ ਕਰੋੜਾਂ ਉਪਭੋਗਤਾਵਾਂ ਵਿੱਚ ਹੜਕੰਪ ਮੱਚ ਗਿਆ। ਪੰਜਾਬ ਵਿੱਚ ਤਾਂ ਉਹ ਹਾਲਤ ਹੋ ਗਈ ਜਿਵੇਂ ਪਾਕਿਸਤਾਨ ਨੇ ਹਵਾਈ ਹਮਲਾ ਕਰ ਦਿੱਤਾ ਹੋਵੇ। ਸਾਰੇ ਇੱਕ ਦੂਸਰੇ ਨੂੰ ਫੋਨ ਕਰ ਕਰ ਕੇ ਪੁੱਛਣ ਲੱਗੇ ਕਿ ਤੇਰਾ ਵੱਟਸਐਪ ਚੱਲਦਾ ਹੈ ਕਿ ਨਹੀਂ? ਰਾਤ ਦੇ 12 ਕੁ ਵਜੇ ਮੇਰੇ ਇੱਕ ਟੱਲੀ ਹੋਏ ਦੋਸਤ ਦਾ ਫੋਨ ਆਇਆ ਕਿ ਤੇਰਾ ਵੱਟਸਐਪ ਚਲਦਾ ਹੈ? ਚੰਗੀ ਭਲੀ ਨੀਂਦ ਖਰਾਬ ਹੋ ਜਾਣ ਕਾਰਨ ਮੈਂ ਖਿਝ ਕੇ ਜਵਾਬ ਦਿੱਤਾ ਕਿ ਜੇ ਤੇਰਾ ਨਹੀਂ ਚੱਲਦਾ ਤਾਂ ਮੇਰਾ ਕਿਵੇਂ ਚੱਲ ਸਕਦਾ ਹੈ? ਉਸ ਨੇ ਕਿਹਾ ਕਿ ਸਾਰੇ ਪਾਸੇ ਇਹ ਗੱਲ ਫੈਲੀ ਹੋਈ ਹੈ ਕਿ ਸੈਂਟਰ ਸਰਕਾਰ ਕੁਝ ਐਕਸ਼ਨ ਲੈਣ ਲੱਗੀ ਹੈ, ਇਸ ਲਈ ਆਮ ਜਨਤਾ ਦਾ ਸੋਸ਼ਲ ਮੀਡੀਆ ਬੰਦ ਕਰ ਦਿੱਤਾ ਗਿਆ ਹੈ ਤੇ ਸਿਰਫ ਪੁਲਿਸ ਤੇ ਫੌਜ ਦਾ ਚੱਲ ਰਿਹਾ ਹੈ। ਅਗਲੇ ਦਿਨ ਵੱਟਸਐਪ ਚੱਲਣ ਤੋਂ ਬਾਅਦ ਪਤਾ ਲੱਗਾ ਕਿ ਸੋਸ਼ਲ ਮੀਡੀਆ ‘ਤੇ ਇਹ ਅਫਵਾਹ ਜੋਰ ਸ਼ੋਰ ਨਾਲ ਚੱਲ ਰਹੀ ਹੈ ਕਿ ਸੈਂਟਰ ਸਰਕਾਰ ਕਿਸਾਨ ਅੰਦੋਲਨ ਦੇ ਖਿਲਾਫ ਦੋ ਚਾਰ ਦਿਨਾਂ ਵਿੱਚ ਕਸ਼ਮੀਰ ਵਰਗਾ ਕੋਈ ਸਖਤ ਐਕਸ਼ਨ ਲੈਣ ਜਾ ਰਹੀ ਹੈ, ਇਸ ਲਈ ਸੋਸ਼ਲ਼ ਮੀਡੀਆ ਬੰਦ ਕਰ ਕੇ ਰਿਹਰਸਲ ਕਰ ਰਹੀ ਸੀ। ਸਵੇਰੇ ਅਖਬਾਰਾਂ ਵਿੱਚ ਸੱਚਾਈ ਪੜ੍ਹ ਕੇ ਲੋਕਾਂ ਦੇ ਸਾਹ ਵਿੱਚ ਸਾਹ ਆਇਆ ਕਿ ਇਹ ਕੋਈ ਸਰਕਾਰ ਦੀ ਸਾਜ਼ਿਸ਼ ਨਹੀਂ ਸੀ, ਸਗੋਂ ਵੱਟਸਐਪ, ਫੇਸਬੁੱਕ ਤੇ ਇੰਸਟਾਗਰਾਮ ਦੇ ਮਾਲਕ ਮਾਰਕ ਜ਼ੁੱਕਨਬਰਗ ਦਾ ਸਿੰਘਾਸਣ ਹਿੱਲ ਗਿਆ ਹੈ। ਉਹ ਸਿਰਫ 6 ਘੰਟਿਆ ਵਿੱਚ ਅਰਬਾਂ ਡਾਲਰ ਦਾ ਘਾਟਾ ਖਾ ਕੇ ਦੁਨੀਆਂ ਦੇ ਨੰਬਰ ਇੱਕ ਅਮੀਰ ਆਦਮੀ ਦੇ ਅਹੁਦੇ ਤੋਂ ਖਿਸਕ ਕੇ ਦੂਸਰੇ ਨੰਬਰ ‘ਤੇ ਆ ਗਿਆ ਹੈ। ਸੋਸ਼ਲ ਮੀਡੀਆ ਨੇ ਲੋਕਾਂ ਦੇ ਦਿਲੋ ਦਿਮਾਗ ‘ਤੇ ਕਬਜ਼ਾ ਜਮਾ ਲਿਆ ਹੈ। ਅਸੀਂ ਇੱਕ ਤਰਾਂ ਨਾਲ ਇਸ ਦੇ ਮਾਨਸਿਕ ਗੁਲਾਮ ਬਣ ਗਏ ਹਾਂ। ਲੱਗਦਾ ਹੈ ਕਿ ਜੇ ਕਿਤੇ ਅੰਗਰੇਜ਼ ਰਾਜ ਸਮੇਂ ਸੋਸ਼ਲ਼ ਮੀਡੀਆ ਅਤੇ ਗੋਦੀ ਨਿਊਜ਼ ਚੈਨਲ ਹੁੰਦੇ ਤਾਂ ਅਜ਼ਾਦੀ ਅਜੇ ਹੋਰ 100 ਸਾਲ ਨਹੀਂ ਸੀ ਆਉਣੀ। ਕਿਉਂਕਿ ਇਨ੍ਹਾਂ ਨੇ ਜਨਤਾ ਨੂੰ ਅੰਗਰੇਜ਼ ਰਾਜ ਦੇ ਫਾਇਦੇ ਗਿਣਾ ਗਿਣਾ ਕੇ ਸੁਲਾਈ ਰੱਖਣਾ ਸੀ। ਸੋਸ਼ਲ਼ ਮੀਡੀਆ ਦੀ ਵਰਤੋਂ, ਖਾਸ ਤੌਰ ‘ਤੇ ਭਾਰਤ ਵਿੱਚ 10% ਵੀ ਚੰਗੇ ਕੰਮਾਂ ਲਈ ਨਹੀਂ ਹੁੰਦੀ। ਇਸ ਦੀ






ਜਿਆਦਾਤਰ ਵਰਤੋਂ ਧਾਰਮਿਕ ਨਫਰਤ ਫੈਲਾਉਣ, ਰਾਜਨੀਤਕ ਏਜੰਡਾ ਵਧਾਉਣ, ਅਫਵਾਹਾਂ ਫੈਲਾਉਣ, ਦੰਗੇ ਭੜਕਾਉਣ, ਅਸ਼ਲੀਲ ਚੁਟਕਲੇ ਅਤੇ ਪੋਰਨ ਸ਼ੇਅਰ ਕਰਨ ਅਤੇ ਸਭ ਤੋਂ ਵੱਧ ਆਸ਼ਕੀ ਮਾਸ਼ੂਕੀ ਲਈ ਕੀਤੀ ਜਾਂਦੀ ਹੈ। 2020 ਦੇ ਸਰਵੇ ਅਨੁਸਾਰ ਸੋਸ਼ਲ਼ ਮੀਡੀਆ ‘ਤੇ ਪੋਰਨ ਵੇਖਣ ਵਿੱਚ ਸੰਸਾਰ ਪੱਧਰ ‘ਤੇ ਭਾਰਤ ਪੰਜਵੇਂ ਸਥਾਨ ਅਤੇ ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਪਹਿਲੇ ਨੰਬਰ ‘ਤੇ ਹੈ। ਸੋਸ਼ਲ਼ ਮੀਡੀਆ ਨਾਲ ਸੈਂਕੜੇ ਕਰੋੜ ਲੋਕ ਜੁੜੇ ਹੋਏ ਹਨ। ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਐਪਸ ਵਿੱਚੋਂ ਫੇਸਬੁੱਕ ਦੀ ਇਸ ਵੇਲੇ ਕਰੀਬ 30 ਕਰੋੜ, ਵੱਟਸਐੱਪ 25 ਕਰੋੜ, ਮੈਸੇਂਜਰ 22 ਕਰੋੜ, ਇੰਸਟਾਗਰਾਮ 50 ਕਰੋੜ, ਟਿਕ ਟਾਕ 20 ਕਰੋੜ, ਟਵਿੱਟਰ 42 ਕਰੋੜ, ਸਨੈਪਚੈਟ 31 ਕਰੋੜ ਅਤੇ ਯੂ ਟਿਊਬ ਦੀ ਕਰੀਬ 62 ਕਰੋੜ ਲੋਕ ਵਰਤੋਂ ਕਰ ਰਹੇ ਹਨ। ਭਾਰਤ ਵਿੱਚ 44 ਕਰੋੜ ਦੇ ਲਗਭਗ ਸੋਸ਼ਲ਼ ਮੀਡੀਆਂ ਯੂਜ਼ਰ ਹਨ ਤੇ ਇੱਕ ਰਿਪੋਰਟ ਮੁਤਾਬਕ ਭਾਰਤੀ ਯੂਜ਼ਰ ਔਸਤਨ ਢਾਈ ਘੰਟੇ ਰੋਜ਼ਾਨਾ ਸੋਸ਼ਲ ਮੀਡੀਆ ‘ਤੇ ਬਿਤਾਉਂਦੇ ਹਨ। ਭਾਰਤ ਦੇ ਨੀਤੀ ਘਾੜਿਆਂ ਸਾਹਮਣੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਕਾਬੂ ਕਰਨਾ ਇੱਕ ਵੱਡੀ ਚੁਣੌਤੀ ਬਣ ਚੁੱਕੀ ਹੈ ਤੇ ਇਸ ਦਾ ਮੁਕਾਬਲਾ ਕਰਨ ਲਈ ਕਈ ਸਖਤ ਕਾਨੂੰਨ ਪਾਰਲੀਮੈਂਟ ਪਾਸ ਕਰ ਰਹੀ ਹੈ। ਪਿਛਲੇ ਸਾਲ ਦੱਖਣੀ ਭਾਰਤ ਦੀ ਇੱਕ ਯੂਨੀਵਰਸਿਟੀ ਦੇ ਸਾਈਕੋਲੌਜੀ ਵਿਭਾਗ ਨੇ ਵਿਦਿਆਰਥੀਆਂ ਦੇ ਸੋਸ਼ਲ਼ ਮੀਡੀਆ ਨਾਲ ਜੁੜਾਵ ਨੂੰ ਚੈੱਕ ਕਰਨ ਲਈ ਇੱਕ ਪ੍ਰਯੋਗ ਕੀਤਾ ਸੀ। ਉਨ੍ਹਾਂ ਨੇ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਦੇ ਖਾਣੇ ਦੀ ਗੁਣਵਤਾ ਘੱਟ ਕਰਨੀ ਸ਼ੁਰੂ ਕਰ ਦਿੱਤੀ। ਵਿਦਿਆਰਥੀਆਂ ਵਿੱਚ ਥੋੜ੍ਹੀ ਬਹੁਤੀ ਸੁਗਬਗਾਹਟ ਹੋਈ ਤੇ ਕਈਆਂ ਨੇ ਲਿਖਤੀ ਸ਼ਿਕਾਇਤ ਵੀ ਕੀਤੀ। ਦੋ ਚਾਰ ਦਿਨ ਬਾਅਦ ਕਦੀ ਬਰੇਕਫਾਸਟ, ਕਦੇ ਲੰਚ ਅਤੇ ਕਦੀ ਡਿਨਰ ਦੇ ਨਾਗੇ ਪਾਉਣੇ ਸ਼ੁਰੂ ਕਰ ਦਿੱਤੇ। ਫਿਰ ਵੀ ਵਿਦਿਆਰਥੀਆਂ ਨੇ ਕੋਈ ਬਹੁਤਾ ਧਿਆਨ ਨਾ ਦਿੱਤਾ। ਇੱਕ ਦਿਹਾੜੇ ਰਾਤ ਨੂੰ 8 ਵਜੇ ਅਚਾਨਕ ਹੋਸਟਲ ਦਾ ਵਾਈ ਫਾਈ ਬੰਦ ਕਰ ਦਿੱਤਾ ਗਿਆ। ਸਾਰੇ ਵਿਦਿਆਰਥੀ ਹੋਸਟਲ ਦੇ ਕਮਰਿਆਂ ‘ਚੋਂ ਬਾਹਰ ਨਿਕਲ ਆਏ ਤੇ ਵਾਰਡਨ ਦੇ ਖਿਲਾਫ ਰੌਲਾ ਰੱਪਾ ਪਾਉਣਾ ਸ਼ੁਰੂ ਕਰ ਦਿੱਤਾ। ਵਾਰਡਨ ਨੇ ਬਹਾਨੇ ਵਗੈਰਾ ਮਾਰ ਕੇ ਦੋ ਚਾਰ ਘੰਟੇ ਬਾਅਦ ਵਾਈ ਫਾਈ ਚਲਾ ਦਿੱਤਾ। ਫਿਰ ਤਾਂ ਇਹ ਰੋਜ ਦਾ ਵਰਤਾਰਾ ਹੋ ਗਿਆ, ਕਦੇ ਇੱਕ ਘੰਟਾ ਤੇ ਕਦੇ ਦੋ ਘੰਟੇ ਲਈ ਵਾਈ ਫਾਈ ਬੰਦ ਕਰ ਦਿੱਤਾ ਜਾਣ ਲੱਗਾ। ਸਿਰਫ ਚਾਰ ਦਿਨਾਂ ਬਾਅਦ ਹੀ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ ਤੇ ਵਾਈਸ ਚਾਂਸਲਰ ਦੇ ਦਫਤਰ ਨੂੰ ਘੇਰ ਲਿਆ। ਸਾਬਤ ਹੋ ਗਿਆ ਕਿ ਨਵੀਂ ਪੀੜ੍ਹੀ ਨੂੰ ਰੋਟੀ ਤੋਂ ਜਿਆਦਾ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੀ ਜਰੂਰਤ ਹੈ।

ਕਈ ਸਾਲ ਪਹਿਲਾਂ ਮੈਂ ਕਿਸੇ ਜਿਲ੍ਹੇ ਵਿੱਚ ਐੱਸ.ਪੀ. ਡਿਟੈੱਕਟਿਵ ਲੱਗਾ ਹੋਇਆ ਸੀ ਕਿ ਇੱਕ ਪਿੰਡ ਦੀ ਫਿਰਨੀ ‘ਤੇ ਕਤਲ ਹੋ ਗਿਆ। ਕਤਲ ਰਾਤ ਦੇ 9 ਕੁ ਵਜੇ ਹੋਇਆ ਸੀ, ਇਸ ਲਈ ਅਸੀਂ ਰੂਟੀਨ ਵਿੱਚ ਪਿੰਡ ਵਾਲਿਆਂ ਤੋਂ ਵੀ ਪੁੱਛ ਗਿੱਛ ਕਰਨੀ ਸ਼ੁਰੂ ਕਰ ਦਿੱਤੀ ਕਿ ਸ਼ਾਇਦ ਕਿਸੇ ਨੇ ਕਤਲ ਹੁੰਦਾ ਵੇਖਿਆ ਹੋਵੇ। ਪਰ ਸਾਰੇ ਮੁੱਕਰ ਗਏ ਕਿ ਕਿਸੇ ਨੇ ਕੁਝ ਨਹੀਂ ਵੇਖਿਆ। ਪਿੰਡ ਦੀ ਪੰਚਾਇਤ ਮੇਰੇ ਕੋਲ ਆਈ ਤੇ ਸਰਪੰਚ ਨੇ ਦੱਸਿਆ ਕਿ ਜ਼ਨਾਬ ਪਿੰਡਾਂ ਵਿੱਚ ਤਾਂ ਲੋਕ 8 9 ਵਜੇ ਸੌਂ ਜਾਂਦੇ ਹਨ। ਸਾਡਾ ਪਿੰਡ ਕਿਹੜਾ ਸ਼ਹਿਰ ਹੈ ਜਿੱਥੇ ਲੋਕ ਰਾਤ ਨੂੰ 12 -12 ਵਜੇ ਤੱਕ ਬਜ਼ਾਰਾਂ ਵਿੱਚ ਘੁੰਮਦੇ ਫਿਰਨਗੇ। ਪੰਚਾਇਤ ਨੂੰ ਤੋਰ ਕੇ ਅਸੀਂ ਮੁਖਬਰਾਂ ਦੀ ਮਦਦ ਨਾਲ ਪਿੰਡ ਦੇ ਸਾਰੇ ਸ਼ੱਕੀ ਵਿਅਕਤੀਆਂ ਦੇ ਮੋਬਾਇਲ ਨੰਬਰ ਸਰਵੇਲੈਂਸ ‘ਤੇ ਲਗਾ ਦਿੱਤੇ। ਸਰਪੰਚ ਦੀ ਗੱਲ ਦੇ ਉਲਟ ਇਹ ਸਾਹਮਣੇ ਆਇਆ ਕਿ ਪਿੰਡ ਦੇ 50% ਤੋਂ ਵੱਧ ਲੋਕ ਅੱਧੀ ਰਾਤ ਤੱਕ ਸੋਸ਼ਲ਼ ਮੀਡੀਆ ‘ਤੇ ਲੱਗੇ ਰਹਿੰਦੇ ਹਨ। ਕਤਲ ਤਾਂ ਖੈਰ ਕਿਸੇ ਹੋਰ ਪਾਸੇ ਤੋਂ ਟਰੇਸ ਹੋ ਗਿਆ, ਪਰ ਸਾਨੂੰ ਇਹ ਜਰੂਰ ਪਤਾ ਲੱਗ ਗਿਆ ਕਿ ਕੁੰਵਾਰਿਆਂ ਤੋਂ ਇਲਾਵਾ ਪਿੰਡ ਦੇ ਸਰਪੰਚ ਸਮੇਤ 20 22 ਵਿਆਹੇ ਵਰੇ ਬੰਦੇ-ਜਨਾਨੀਆਂ ਦੇ ਆਪਸ ਵਿੱਚ ਪ੍ਰੇਮ ਸਬੰਧ ਚੱਲ ਰਹੇ ਹਨ। ਵੈਸੇ ਇਹ ਗੱਲ ਗੁਪਤ ਹੀ ਰਹੀ ਤੇ ਕੇਸ ਹੱਲ ਹੋਣ ਤੋਂ ਬਾਅਦ ਉਥੇ ਹੀ ਠੱਪ ਕਰ ਦਿੱਤੀ ਗਈ। ਇਹ ਨਹੀਂ ਕਿ ਸੋਸ਼ਲ਼ ਮੀਡੀਆ ਵਿੱਚ ਸਿਰਫ ਬੁਰਾਈਆਂ ਹੀ ਹਨ। ਇਸ ਨੇ ਕੰਮ ਕਾਜੀ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਅਸਾਨ ਬਣਾ ਦਿੱਤਾ ਹੈ। ਕਰੋਨਾ ਲੌਕ ਡਾਊਨ ਵੇਲੇ ਬੱਚਿਆਂ ਦੀ ਪੜ੍ਹਾਈ ਸਿਰਫ ਵੱਟਸਐਪ ਰਾਹੀਂ ਹੀ ਸੰਭਵ ਹੋ ਸਕੀ ਸੀ। ਆਧੁਨਿਕ ਕਾਲ ਤਕਨੀਕ ਦਾ ਦੌਰ ਹੈ। ਹਰ ਵਿਅਕਤੀ ਸਮਾਜਿਕ ਹੋਵੇ ਚਾਹੇ ਭਾਵੇਂ ਨਾ ਹੋਵੇ, ਪਰ ਸੋਸ਼ਲ ਜਰੂਰ ਹੋਣਾ ਚਾਹੀਦਾ ਹੈ। ਸੋਸ਼ਲ ਮੀਡੀਆ ਲੋਕਾਂ ਨਾਲ ਜੁੜਨ ਦਾ ਇੱਕ ਮਹੱਤਵਪੂਰਨ ਸਾਧਨ ਬਣ ਚੁੱਕਾ ਹੈ ਤੇ ਇਸ ਨੇ ਵਿਸ਼ਵ ਵਿੱਚ ਸੰਚਾਰ ਨੂੰ ਇੱਕ ਨਵਾਂ ਪਹਿਲੂ ਦਿੱਤਾ ਹੈ। ਜਿੱਥੇ ਸੋਸ਼ਲ ਮੀਡੀਆ ਕਾਰੋਬਾਰੀਆਂ ਲਈ ਕਾਰੋਬਾਰ ਦਾ ਨਵਾਂ ਸਾਧਨ ਬਣਿਆਂ ਹੈ, ਉਥੇ ਰੋਜ਼ਗਾਰ ਦੇ ਕਈ ਨਵੇਂ ਮੌਕੇ ਵੀ ਇਸ ਨੇ ਪੈਦਾ ਕੀਤੇ ਹਨ। ਇਹ ਉਨ੍ਹਾਂ ਲੋਕਾਂ ਦੀ ਅਵਾਜ਼ ਬਣਿਆ ਹੈ ਜਿਨ੍ਹਾਂ ਦੀ ਅਵਾਜ਼ ਹੁਣ ਤੱਕ ਦਬਾਈ ਜਾਂਦੀ ਰਹੀ ਹੈ। ਅੱਜ ਸੋਸ਼ਲ ਮੀਡੀਆ ਸੂਚਨਾਵਾਂ ਦਾ ਕੇਂਦਰ ਜਾਪਦਾ ਹੈ। ਸਾਰੀਆਂ ਵੱਡੀਆਂ ਅਖਬਾਰਾਂ ਆਪਣੇ ਈ ਐਡੀਸ਼ਨ ਕੱਢਦੀਆਂ ਹਨ। ਕਈ ਖੋਜਾਂ ਵਿੱਚ ਸਾਹਮਣੇ ਆਇਆ ਹੈ ਕਿ ਜਿਆਦਾਤਰ ਲੋਕ ਰੋਜ਼ਮੱਰਾ ਦੀਆਂ ਸੂਚਨਾਵਾਂ ਸਵੇਰੇ ਸੋਸ਼ਲ ਮੀਡੀਆ ਰਾਹੀਂ ਹਾਸਲ ਕਰਦੇ ਹਨ। ਪੰਜਾਬੀ ਦੇ ਅਨੇਕਾਂ ਗਾਇਕ ਯੂ ਟਿਊਬ ‘ਤੇ ਗਾਣੇ ਰਿਲੀਜ਼ ਕਰ ਕੇ ਰਾਤੋ ਰਾਤ ਪ੍ਰਸਿੱਧ ਹੋਏ ਹਨ। ਸੋਸ਼ਲ ਮੀਡੀਆ ਦੀ ਬੇਤਹਾਸ਼ਾ ਵਰਤੋਂ ਕਰਨ ਨਾਲ ਦਿਮਾਗ ਵਿੱਚ ਨਾਂਹ ਪੱਖੀ ਵਿਚਾਰ ਆਉਂਦੇ ਹਨ ਤੇ ਬਹੁਤੇ ਲੋਕਾਂ ਨੂੰ ਡਿਪਰੈਸ਼ਨ ਹੋ ਜਾਂਦੀ ਹੈ। ਇਸ ਕਾਰਨ ਸਾਈਬਰ ਕਰਾਈਮ ਵੀ ਵਧਦੇ ਜਾ ਰਹੇ ਹਨ ਤੇ ਲੋਕਾਂ ਦਾ ਨਿੱਜੀ ਡਾਟਾ ਚੋਰੀ ਕਰ ਕੇ ਬੈਂਕ ਖਾਤੇ ਸਾਫ ਕਰ ਦਿੱਤੇ ਜਾਂਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸੋਸ਼ਲ਼ ਮੀਡੀਆ ਸਮਾਜ ਲਈ ਇੱਕ ਮੌਕਾ ਵੀ ਹੈ ਤੇ ਇੱਕ ਸਮੱਸਿਆ ਵੀ। ਇਹ ਵਰਤੋਂ ਕਰਨ ਵਾਲੇ ‘ਤੇ ਨਿਰਭਰ ਕਰਦਾ ਹੈ ਕਿ ਉਹ ਇਸ ਨੂੰ ਤਰੱਕੀ ਕਰਨ ਦੇ ਮੌਕੇ ਦੀ ਤਰਾਂ ਅਪਣਾਉਂਦੇ ਹਨ ਜਾਂ ਆਪਣੇ ਅਤੇ ਦੂਸਰਿਆਂ ਲਈ ਸਮੱਸਿਆਵਾਂ ਪੈਦਾ ਕਰਨ ਲਈ। ਸੋਸ਼ਲ਼ ਮੀਡੀਆ ਦੀ ਵਰਤੋਂ ਬਹੁਤ ਸੰਜਮ ਨਾਲ ਕਰਨੀ ਚਾਹੀਦੀ ਹੈ। ਨਵੀਂ ਪੀੜ੍ਹੀ ਦੀ ਤਾਂ ਇਹ ਹਾਲਤ ਹੋ ਗਈ ਹੈ ਕਿ ਮਹੀਨੇ ਦੋ ਮਹੀਨੇ ਬਾਅਦ ਇੱਕ ਅੱਧੀ ਖਬਰ ਆ ਹੀ ਜਾਂਦੀ ਹੈ ਕਿ ਫਲਾਣੇ ਲੜਕੇ - ਲੜਕੀ ਨੇ ਘਰ ਵਾਲਿਆ ਦੇ ਸੋਸ਼ਲ ਮੀਡੀਆ ਦੀ ਵਰਤੋਂ ਤੋਂ ਵਰਜਣ ਕਾਰਨ ਆਤਮ ਹੱਤਿਆ ਕਰ ਲਈ ਹੈ ਜਾਂ ਆਪਣੇ ਮਾਂ ਪਿਉ ਨੂੰ ਚਾਕੂ ਮਾਰ ਦਿੱਤਾ ਹੈ। ਅਜਿਹੀਆਂ ਘਟਨਾਵਾਂ ਰੋਕਣ ਲਈ ਬੱਚਿਆਂ ‘ਤੇ ਖਾਸ ਨਜ਼ਰ ਰੱਖਣੀ ਚਾਹੀਦੀ ਹੈ ਤੇ ਉਨ੍ਹਾਂ ਦੇ ਫੇਸਬੁੱਕ ਅਤੇ ਇੰਸਟਾਗਰਾਮ ਆਦਿ ਦੇ ਅਕਾਊਂਟਾਂ ਨੂੰ ਚੈੱਕ ਕਰਦੇ ਰਹਿਣਾ ਚਾਹੀਦਾ ਹੈ।



**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**



# ਜ਼ਰਾ ਬੱਚ ਕੇ ਮੋਬਾਇਲ ਤੋਂ ਸਮਾਰਟ ਫੋਨ ਦੇ ਨਾਲ ਆਪ ਵੀ ਰਹੋ ਸਮਾਰਟ

ਤਕਨੀਕੀ ਯੁੱਗ ਵਿੱਚ, ਵਿਕਸਿਤ ਹੋਈ ਹਰ ਮਹਿੰਗੀ ਅਤੇ ਸੱਸਤੀ ਤਕਨੀਕ ਨੂੰ ਆਪਣੀ ਜਿੰਦਗੀ ਦਾ ਹਿੱਸਾ ਬਣਾਉਣਾ ਹਰ ਇਨਸਾਨ ਹਸਰਤ ਰਹੀ ਹੈ। ਹਰ ਇਨਸਾਨ ਹਰ ਤਕਨੀਕੀ ਨੂੰ ਇੱਕ ਵਾਰ ਤਾਂ ਜ਼ਰੂਰ ਵਰਤ ਕੇ ਦੇਖਣਾ ਚਾਹੁੰਦਾ ਹੈ। ਸਮੇਂ ਦੇ ਵਿੱਚ ਬਹੁਤ ਬਦਲਾਵ ਆਏ ਅਤੇ ਅੱਗੇ ਵੀ ਆਉਂਦੇ ਰਹਿਣਗੇ। ਟੀ.ਵੀ. ਐਂਟੀਨੇ ਤੋਂ ਕੇਬਲ ਨੈਟਵਰਕ ਤੇ ਹੁਣ ਡਿਸ਼ ਟੀ.ਵੀ. ਐਲ.ਸੀ,.ਡੀ. ਤੋਂ ਐੱਲ.ਈ.ਡੀ ਅਤੇ ਐੱਚ.ਡੀ. ਟੀ.ਵੀ., ਇਸਤੋਂ ਇਲਾਵਾ ਚਿੱਠੀ ਪੱਤਰ ਤੋਂ ਸ਼ੁਰੂ ਹੋਈ ਦਿਲਾਂ ਦੀ ਸਾਂਝ ਟੈਲੀਫੋਨ ਤੇ ਆ ਕੇ ਲੰਮਾ ਸਮਾਂ ਖੜ੍ਹੀ ਰਹੀ, ਤੇ ਫਿਰ ਟੈਲੀਫੋਨ ਤੋਂ ਮੋਬਾਇਲ ਤੱਕ ਮਸਾਂ ਦੱਸ ਕੁ ਸਾਲ ਸਮਾਂ ਲੰਘਿਆ ਹੀ ਸੀ ਕਿ ਸਮਾਰਟ ਫੋਨ ਸੱਭ ਤੋਂ ਪਿੱਛੇ ਛੱਡ ਕੇ ਅੱਗੇ ਨਿਕਲ ਗਿਆ ਅਤੇ ਹਾਲੇ ਵੀ ਪੂਰੀ ਰਫਤਾਰ ਨਾਲ ਤਕਨੀਕੀ ਦੇ ਖੇਤਰ ਵਿੱਚ ਸਮਾਰਟ ਫੋਨ ਸੱਭ ਤੋਂ ਅੱਗੇ ਚੱਲ ਰਿਹਾ ਹੈ। ਸ਼ਾਇਦ ਇਹੀ ਕਾਰਣ ਹੈ ਕਿ ਹੋਰ ਖੇਤਰਾਂ ਵਿੱਚ ਆਪਣੇ ਉਪਕਰਣ ਬਣਾਉਣ ਵਾਲੀਆਂ ਕੰਪਨੀਆਂ ਵੀ ਸਮਾਰਟ ਫੋਨ ਬਣਾਉਣ ਦੇ ਕਾਰੋਬਾਰ ਵਿੱਚ ਆਪਣੀ ਕਿਸਮਤ ਅਜਮਾਉਣ ਲੱਗ ਪਈਆਂ। ਬਿਨ੍ਹਾਂ ਸ਼ੱਕ ਅੱਜ ਦੇ ਸਮੇਂ ਵਿੱਚ ਸਾਡੀ ਜਿੰਦਗੀ ਦੀ ਮੁੱਢਲੀ ਅਤੇ ਮਹੱਤਵਪੂਰਨ ਲੋੜ ਹੈ 'ਮੋਬਾਇਲ ਫੋਨ ਜਾਂ ਸਮਾਰਟ ਫੋਨ'। ਬਿਨ੍ਹਾਂ ਸ਼ੱਕ ਅੱਜ ਦੇ ਸਮੇਂ ਵਿੱਚ ਸਾਡੀ ਜਿੰਦਗੀ ਦੀ ਮੁੱਢਲੀ ਅਤੇ ਮਹੱਤਵਪੂਰਨ ਲੋੜ ਹੈ 'ਮੋਬਾਇਲ ਫੋਨ'। ਇਸ ਤੋਂ ਬਿਨਾਂ ਤਾਂ ਕਿਸੇ ਚੀਜ਼ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕਦੇ ਕੰਪਿਊਟਰ ਦਾ ਜ਼ਮਾਨਾ ਆਇਆ ਸੀ ਅਤੇ ਫਿਰ ਲੈਪਟਾਪ ਦਾ, ਪਰ ਮੋਬਾਇਲ ਫੋਨ ਦੇ ਇਸ ਚਮਤਕਾਰ ਨੇ ਕੰਪਿਊਟਰ/ਲੈਪਟਾਪ ਵਗੈਰਾ ਦੀ ਲੋਕਪ੍ਰਿਯਤਾ ਵਿੱਚ ਕਿਤੇ ਨਾ ਕਿਤੇ ਤਾਂ ਘਾਟਾ ਜ਼ਰੂਰ ਦਰਜ ਕੀਤਾ ਹੈ। ਕਿਉਂਜੁ ਕੰਪਿਊਟਰ/ਲੈਪਟਾਪ ਤੇ ਹੋਣ ਵਾਲੇ ਜਿਆਦਾਤਰ ਕੰਮ ਮੋਬਾਇਲ ਤੇ ਕੁੱਝ ਸਕਿੰਟਾਂ ਵਿੱਚ ਹੀ ਹੋ ਜਾਂਦੇ ਹਨ। ਸਾਰੇ ਨਜ਼ਦੀਕੀਆਂ ਦੇ ਫੋਨ ਨੰ., ਸਾਰੀਆਂ ਜ਼ਰੂਰੀ ਅਤੇ ਗੈਰ ਜ਼ਰੂਰੀ ਈ-ਮੇਲਜ਼ (ਬਿਜਲਈ ਡਾਕ), ਦਫਤਰ ਜਾਂ ਆਪਣੇ ਪੇਸ਼ੇ ਨਾਲ ਸਬੰਧਿਤ ਜ਼ਰੂਰੀ ਫਾਇਲਾਂ, ਘਰ ਦੇ ਸਮਾਨ ਦੀ ਲਿਸਟ, ਪੂਰੀ ਦੁਨੀਆਂ ਦਾ ਨਕਸ਼ਾ, ਹਰ ਤਰ੍ਹਾਂ ਦੀਆਂ ਪਰਿਵਾਰਕ ਫੋਟੋਆਂ ਅਤੇ ਵੀਡੀਓਜ਼ ਦੇ ਰੂਪ ਵਿੱਚ ਯਾਦਗਾਰੀ ਪਲ, ਸੋਸ਼ਲ ਸਾਈਟਾਂ ਦੇ ਖਾਤੇ, ਮਨੋਰੰਜਨ ਦਾ ਹਰ ਸਾਧਨ, ਕਿਤੇ ਆਉਣ-ਜਾਣ ਲਈ ਬੱਸ/ਗੱਡੀ/ਜਹਾਜ਼ ਦੀ ਟਿਕਟ ਸੱਭ ਕੁੱਝ ਆਹ ਚਾਰ-ਪੰਜ ਇੰਚ ਦੇ ਮੋਬਾਇਲ ਫੋਨ ਵਿੱਚ ਸੁਰੱਖਿਅਤ ਪਿਆ ਹੈ, ਜਦੋਂ ਮਰਜ਼ੀ, ਜਿੱਥੇ ਮਰਜ਼ੀ ਇਸਦਾ ਲਾਭ ਲਿਆ ਜਾ ਸਕਦਾ ਹੈ। ਬਿਪਤਾ ਵੇਲੇ ਡਾਕਟਰੀ ਸਹਾਇਤਾ, ਫਾਇਰ ਬ੍ਰਿਗੇਡ ਸਹੂਲਤ, ਸੁਰੱਖਿਆ ਲਈ ਪੁਲਿਸ ਸਹਾਇਤਾ ਆਦਿ ਸੱਭ ਕੁੱਝ ਇੱਕ ਲਾਭਕਾਰੀ ਖੇਤਰ ਵਿੱਚ ਆ ਹੈ। ਸਮਾਰਟ ਫੋਨ ਆਪ ਤਾਂ ਵਾਕੇਈ ਸਮਾਰਟ ਹੈ, ਹਰ ਗੱਲ ਨੂੰ, ਹਰ ਘਟਨਾ ਨੂੰ ਸੰਭਾਲ ਕੇ ਰੱਖਦਾ ਹੈ ਅਤੇ ਹਰ ਵਿਸ਼ੇ ਤੇ ਜੁਆਬ ਦਿੰਦਾ ਹੈ। ਹੁਣ ਤਾਂ ਅਸੀਂ ਉਸਨੂੰ ਬੋਲ ਕੇ ਵੀ, ਜੋ ਮਰਜ਼ੀ ਪੁੱਛ ਸਕਦੇ ਹਾਂ ਬੱਸ ਉਸ ਵਿੱਚ ਵਧੀਆ ਨੈੱਟਵਰਕ ਵਾਲਾ ਡਾਟਾ ਪੈਕ ਹੋਣਾ ਚਾਹੀਦਾ ਹੈ, ਬੱਸ ਜੋ ਮਰਜ਼ੀ ਪੁੱਛੋ ਫੋਨ ਆਪ ਬੋਲ ਕੇ ਦੱਸਦਾ ਹੈ ਭਾਈ ਤੇਰੇ ਸਵਾਲ ਦਾ ਕੀ ਜੁਆਬ ਹੈ? ਇਹੀ ਤਾਂ ਹੈ ਸਮਾਰਟ ਫੋਨ, ਪਰ ਕੀ ਅਸੀਂ ਵੀ ਫੋਨ ਵਾਂਙ ਸਮਾਰਟ ਹਾਂ? ਅੱਜ ਆਪਣਾ ਵਿਸ਼ਾ ਇਹੀ ਹੈ। ਜਿਵੇਂ ਕਹਿੰਦੇ ਨੇ ਹਰ ਚੀਜ਼ ਦੇ ਦੋ ਪਾਸੇ ਹੁੰਦੇ ਹਨ, ਹਾਂ-ਪੱਖੀ ਅਤੇ ਨਾਂਹ-ਪੱਖੀ ਜਾਂ ਸੌਖੇ ਸ਼ਬਦਾਂ ਵਿੱਚ ਕਹਿ ਲਈਏ ਤਾਂ ਫਾਇਦੇ ਅਤੇ ਨੁਕਸਾਨ। ਜਿਸ ਵੀ ਵਸਤੂ ਜਾਂ ਯੰਤਰ ਦਾ ਸਾਨੂੰ ਫਾਇਦਾ ਹੈ, ਉਸ ਵਿੱਚ ਨੁਕਸਾਨ ਵੀ ਲੁਕਿਆ ਹੁੰਦਾ ਹੈ, ਪਰ ਅਸੀਂ ਕੋਸ਼ਿਸ਼ ਕੇਵਲ ਫਾਇਦੇ ਲੈਣ ਦੀ ਕਰਨੀ ਹੈ ਅਤੇ ਨੁਕਸਾਨ ਹੋਣ ਤੋਂ ਬਚਾਉਣਾ ਸਾਡੀ ਅਹਿਮ ਜਿੰਮੇਵਾਰੀ ਵਿੱਚ ਆਉਂਦਾ ਹੈ। ਕਈ ਵਾਰ ਕੁੱਝ ਚੀਜ਼ਾਂ ਕੇਵਲ ਫਾਇਦੇ ਲਈ ਭਾਵ ਮਨੁੱਖੀ ਸੁੱਖ ਸਹੂਲਤਾਂ ਨੂੰ ਸਾਹਮਣੇ ਰੱਖ ਕੇ ਖੋਜੀਆਂ ਜਾਂਦੀਆਂ ਹਨ ਅਤੇ ਉਹਨਾਂ ਦੀ ਵਰਤੋਂ ਵੀ ਵਧੀਆ ਢੰਗ ਨਾਲ ਕੀਤੀ ਜਾ ਸਕਦੀ ਹੈ, ਪਰ ਜਦ ਉਹਨਾਂ ਹੀ ਫਾਇਦੇ ਵਾਲੀਆਂ ਚੀਜ਼ਾਂ ਨੂੰ ਦੂਜਿਆ ਦੇ ਲਈ ਜਾਂ ਆਪਣੇ ਲਈ ਨੁਕਸਾਨਦਾਇਕ ਬਣਾ ਲਈਏ ਜਾਂ ਇਹ ਨੁਕਸਾਨਦਾਇਕ ਬਣ ਜਾਣ ਤਾਂ ਸਾਨੂੰ ਦੁਬਾਰਾ ਉਸਦੇ ਸੰਦਰਭ ਵਿੱਚ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਅਸੀਂ ਕਿੱਥੇ ਖੜ੍ਹੇ ਹਾਂ?



ਇਕਵਾਕ ਸਿੰਘ ਪੱਟੀ
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
9815024920

ਗੱਲ ਕੇਵਲ ਮੋਬਾਇਲ ਦੀ ਕਰਾਂਗੇ ਕਿਉਂਜੁ ਕੁੱਝ ਦਿਨ ਪਹਿਲਾਂ ਹੀ ਇੱਕ ਖਬਰ ਅਖਬਾਰਾਂ ਦੀ ਮੁੱਖ ਸੁਰਖੀ ਬਣੀ ਕਿ, 'ਹਨੇਰੇ ਵਿੱਚ ਮੋਬਾਇਲ ਫੋਨ ਵੇਖਣ ਨਾਲ ਅੱਖਾਂ ਨਾਲ ਸਬੰਧਿਤ ਬਿਮਾਰੀਆਂ ਵਿੱਚ ਆਏ ਦਿਨ ਵਾਧਾ ਹੋ ਰਿਹਾ ਹੈ ਅਤੇ ਜਿਆਦਾਤਰ ੨੫ ਸਾਲ ਤੋਂ ਘੱਟ ਉਮਰ ਦੇ ਨੌਜਵਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।' ਮੋਬਾਇਲ ਫੋਨ ਨਾਲ ਜੁੜੀ ਇਹ ਨਾ ਤਾਂ ਕੋਈ ਪਹਿਲੀ ਬੁਰੀ ਖ਼ਬਰ ਹੈ ਅਤੇ ਨਾ ਹੀ ਆਖਰੀ। ਕਿਉਂਕਿ ਮੋਬਾਇਲ ਫੋਨ ਦੀ ਵਰਤੋਂ ਨਾਲ ਸੜਕੀ ਦੁਰਘਟਨਾਵਾਂ ਵਿੱਚ ਵਾਧਾ ਦਰਜ ਹੋਇਆ ਹੈ। ਮੋਬਇਲ ਫੋਨ ਦੇ ਕੈਮਰੇ ਦੀ ਵਰਤੋਂ ਨਾਲ ਕਿਸੇ ਦੀ ਨਿੱਜਤਾ ਨੂੰ ਕੈਦ ਕਰਨਾ ਜਾਂ ਫਿਰ ਉਸ ਦੇ ਬਦਲੇ ਬਲੈਕਮੇਲ ਕਰਨਾ ਅਪਰਾਧ ਦੇ ਖੇਤਰ ਵਿੱਚ ਆਉਂਦਾ ਹੈ। ਮੋਬਾਇਲ ਫੋਨ ਦੀ ਗਲਤ ਵਰਤੋਂ ਨਾਲ ਹੁਣ ਤੱਕ ਬਹੁਤ ਖਤਰਨਾਕ ਨਤੀਜੇ ਸਾਹਮਣੇ ਆ ਚੁੱਕੇ ਹਨ ਅਸੀਂ ਕੇਵਲ ਆਪਣੀ ਨਿੱਜੀ ਜਿੰਦਗੀ ਦੀ ਗੱਲ ਕਰੀਏ ਤਾਂ ਸਾਡੇ ਆਪਣੇ ਜੀਵਣ ਵਿੱਚ ਇਸਨੇ ਕਈ ਗ਼ੈਰ ਜ਼ਰੂਰੀ ਬਦਲਾਵ ਦਰਜ ਕੀਤੇ ਹਨ। ਜਿਸ ਵਿੱਚੋਂ ਸੱਭ ਤੋਂ ਅਹਿਮ ਹੈ ਸਮੇਂ ਦੀ ਖਪਤ। ਆਉ ਕੁੱਝ ਹੋਰ ਪਹਿਲੂਆਂ ਤੇ ਵਿਚਾਰ ਕਰਦੇ ਹਾਂ:


- ਮੁੱਖ ਰੂਪ ਵਿੱਚ ਇਸਦਾ ਸੱਭ ਤੋਂ ਵਧੇਰੇ ਅਸਰ ਸਾਡੀਆਂ ਅੱਖਾਂ ਤੇ ਪੈਂਦਾ ਹੈ। ਡਾਕਟਰੀ ਰਿਪੋਰਟ ਅਨੁਸਾਰ ਮੋਬਾਇਲ ਦੀ ਜਿਆਦਾ ਵਰਤੋਂ ਨਾਲ ਅੱਖਾਂ ਵਿੱਚ ਹਲਕਾ ਅੰਨ੍ਹਾਪਣ, ਕਾਲਾ ਮੋਤੀਆ, ਮੋਤੀਆ ਬਿੰਦ, ਯੂਵਾਇਟਿਸ ਅਤੇ ਪੁਤਲੀ ਦਾ ਲੈਨਜ਼ ਨਾਲ ਚਿਪਕ ਜਾਣ ਵਰਗੀਆਂ ਬਿਮਾਰੀਆਂ ਹੋ ਰਹੀਆਂ ਹਨ।
- ਲਗਾਤਾਰ ਸਕਰੀਨ ਤੇ ਟਿਕਟਿਕੀ ਲਗਾ ਕੇ ਰੱਖਣ ਨਾਲ ਅੱਖਾਂ ਦੀਆਂ ਮਾਸਪੇਸ਼ੀਆਂ ਵਿੱਚ ਖਿਚਾਅ ਆ ਜਾਂਦਾ ਹੈ ਅਤੇ ਮੋਬਾਇਲ ਦੀ ਤਿੱਖੀ ਰੋਸ਼ਨੀ ਰੇਟੀਨਾ ਦੇ ਮੈਕਿਊਲਰ ਏਰੀਆ (ਅੱਖਾਂ ਦੇ ਸੱਭ ਤੋਂ ਮਹੱਤਵਪੂਰਨ ਹਿੱਸੇ) ਨੂੰ ਪ੍ਰਭਾਵਿਤ ਕਰਕੇ ਬੁਰਾ ਅਸਰ ਪਾਉਂਦੀ ਹੈ।
- ਜੇਕਰ ਰਾਤ ਵੇਲੇ ਆਪਣੇ ਹਨੇਰੇ ਕਮਰੇ ਵਿੱਚ ਲਗਾਤਾਰ ਮੋਬਾਇਲ ਦੀ ਸਕਰੀਨ ਝਾਕਣ ਦੀ ਆਦਤ ਹੈ ਤਾਂ ਅੱਖਾਂ ਤੇ ਸੱਭ ਤੋਂ ਵਧੇਰੇ ਅਤੇ ਬੁਰਾ ਅਸਰ ਪੈਂਦਾ ਹੈ ਜਿਸ ਕਰਕੇ ਅੱਖਾਂ ਦੀਆਂ ਮਾਸਪੇਸ਼ੀਆਂ ਆਕੜ ਜਾਂਦੀਆਂ ਹਨ ਅਤੇ ਅੱਖਾਂ ਦਾ ਦਰਦ ਕਰਨਾ, ਅੱਖਾਂ ਵਿੱਚੋਂ ਪਾਣੀ ਨਿਕਲਣਾ, ਜਲਨ ਹੋਣਾ, ਜੀਅ ਮਚਲਣਾ, ਅੱਖਾਂ ਅੱਗੇ ਰੰਗੀਨ ਗੋਲੇ ਦਿੱਸਣਾ ਵਰਗੇ ਲੱਛਣ ਹੁੰਦੇ ਹਨ।
- ਮੈਡੀਕਲ ਵਿਗਿਆਨ ਅਨੁਸਾਰ ਰਾਤ ਨੂੰ ਲਗਾਤਾਰ ਇੱਕ ਪਾਸੇ ਹੀ ਲੇਟੇ ਰਹਿ ਕੇ ਮੋਬਾਇਲ ਦੀ ਹੱਥਾਂ ਨਾਲ ਵਰਤੋਂ ਨਾਲ ਗਰਦਨ ਦੀਆਂ ਹੱਡੀਆਂ ਆਪਣੀ ਥਾਂ ਤੋਂ ਹਟ ਜਾਂਦੀਆਂ ਹਨ ਅਤੇ ਇੱਕ ਕਿਸਮ ਦਾ ਦਬਾਅ ਨਸਾਂ ਉੱਤੇ ਪੈਂਦਾ ਹੈ, ਜਿਸ ਕਾਰਣ ਸਰਵਾਈਕਲ ਹੋਣ ਦਾ ਖਤਰਾ ਵਧੇਰੇ ਹੋ ਜਾਂਦਾ ਹੈ।
- ਗਰਭਵਤੀ ਔਰਤਾਂ ਅਤੇ ਬੱਚਿਆਂ ਤੇ ਮੋਬਾਇਲ ਵਿੱਚੋਂ ਨਿਕਲਣ ਵਾਲੀਆਂ ਖਤਰਨਾਕ ਕਿਰਨਾਂ ਦਾ ਅਸਰ ਜਿਆਦਾ ਪੈਂਦਾ ਹੈ।
- ਬੱਚਿਆਂ ਅਤੇ ਨੌਜਵਾਨਾਂ ਦੀ ਪੜ੍ਹਾਈ ਤੇ ਵੀ ਮਾਰੂ ਅਸਰ ਕਰਦੀ ਹੈ, ਮੋਬਾਇਲ ਦੀ ਬੇਲੋੜੀ ਵਰਤੋਂ।
- ਇੱਥੋਂ ਤੱਕ ਕਿ ਮੋਬਾਇਲ ਫੋਨ ਦੀ ਬੇਲੋੜੀ ਵਰਤੋਂ ਕਰਨ ਨਾਲ ਦਿਮਾਗ ਦਾ ਕੈਂਸਰ ਹੋ ਜਾਣ ਦੇ ਲੱਛਣ ਵੀ ਸਾਹਮਣੇ ਆਏ ਹਨ।
- ਡਰਾਈਵਿੰਗ ਦੌਰਾਨ ਮੋਬਾਇਲ ਫੋਨ ਦੀ ਵਰਤੋਂ ਕਰਦਿਆਂ ਹੋਇਆਂ ਕਈ ਦੁਰਘਟਾਨਵਾਂ ਹੋ ਚੁੱਕੀਆ ਹਨ ਅਤੇ ਬੇਸ਼ਕੀਮਤੀ ਜਾਨਾਂ ਜਾ ਚੁੱਕੀਆਂ ਹਨ।
- ਮਲੇਸ਼ੀਆ ਵਿੱਚ ਪਿਛਲੇ ਸਾਲ ਪੈਟਰੋਲ ਪੰਪ ਤੇ ਇੱਕ ਔਰਤ ਵੱਲੋਂ ਮੋਬਾਇਲ ਦੀ ਵਰਤੋਂ ਕਰਦਿਆਂ ਹੋਇਆਂ ਲੱਗੀ ਅੱਗ ਕਾਰਣ ਉਹ ਆਪ ਵੀ ੬੦ ਫੀਸਦੀ ਝੁਲਸ ਗਈ।

ਕੀ ਕੀਤਾ ਜਾਵੇ?

- ਸੱਭ ਤੋਂ ਪਹਿਲਾਂ ਤਾਂ ਸੋਸ਼ਲ ਸਾਈਟਾਂ ਦੀ ਵਰਤੋਂ ਨੂੰ ਘੱਟ ਕੀਤਾ ਜਾਵੇ ਤਾਂ ਕਿ ਬਾਰ-ਬਾਰ ਮੋਬਾਇਲ ਆਨ ਕਰਕੇ ਨਾ ਦੇਖਣਾ ਪਵੇ।
- ਸੱਜੇ ਪਾਸੇ ਦੀ ਥਾਂ ਖੱਬੇ ਪਾਸੇ ਵਾਲੇ ਕੰਨ ਰਾਹੀਂ ਮੋਬਾਇਲ ਫੋਨ ਸੁਣਿਆ ਜਾਵੇ।
- ਘਰ ਵਿੱਚ ਲੈਂਡਲਾਈਨ ਫੋਨ ਜ਼ਰੂਰ ਲੱਗਾ ਹੋਵੇ ਅਤੇ ਉਸਦੀ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ।
- ਰਾਤ ਵੇਲੇ ਲੰਮੇ ਪੈ ਕੇ ਅਤੇ ਹਨੇਰੇ ਕਮਰੇ ਵਿੱਚ ਮੋਬਾਇਲ ਦੀ ਵਰਤੋਂ ਫੌਰੀ ਤੌਰ ਤੇ ਬੰਦ ਕੀਤੀ ਜਾਵੇ।
- ਮੋਬਾਇਲ ਤੇ ਦੋਸਤਾਂ/ਮਿੱਤਰਾਂ ਨਾਲ ਸੁਨੇਹਿਆਂ ਦੇ ਅਦਾਨ-ਪ੍ਰਦਾਨ ਲਈ ਕੁੱਝ ਖਾਸ ਸਮਾਂ ਮਿੱਥ ਲਿਆ ਜਾਵੇ।
- ਫੋਨ ਸੁਨਣ ਵੇਲੇ ਈਅਰ ਫੋਨ (ਹੈੱਡ ਫੋਨ) ਦੀ ਵਰਤੋਂ ਵੀ ਸਾਨੂੰ ਮੋਬਾਇਲ ਦੀਆਂ ਖਤਰਨਾਕ ਕਿਰਨਾਂ ਤੋਂ ਕੁੱਝ ਹੱਦ ਤੱਕ ਬਚਾਅ ਸਕਦੀ ਹੈ।
- ਤੀਹਰੇ-ਵੀਹ (ਟ੍ਰਿਪਲ ਟਵੰਟੀ) ਦੇ ਫਾਰਮੂਲੇ ਨੂੰ ਅਪਣਾਇਆ ਜਾਵੇ। ਜਿਸਦਾ ਭਾਵ ਹੈ ਕਿ ਲਗਾਤਾਰ ਕੰਪਿਊਟਰ ਜਾਂ ਮੋਬਾਇਲ ਦੀ ਵਰਤੋਂ ਕਰਨ ਵਾਲਾ ਹਰ ਵੀਹ ਮਿੰਟ ਬਾਅਦ, ਵੀਹ ਸੈਕਿੰਟ ਲਈ ਅੱਖਾਂ ਬੰਦ ਕਰਕੇ, ਬਾਅਦ ਵਿੱਚ ਅੱਖਾਂ ਖੋਲ ਕੇ ੨੦ ਫੁੱਟ ਦੂਰ ਦੇਖੇਗਾ ਤਾਂ ਇਸ ਨਾਲ ਅੱਖਾਂ ਨੂੰ ਰਾਹਤ ਮਿਲਦੀ ਹੈ।
- ਚਾਰਜਿੰਗ ਦੌਰਾਨ ਫੋਨ ਨਾ ਸੁਣਿਆ ਜਾਵੇ।

ਜਰਮਨੀ ਦੀ ਇਕ ਸੰਸਥਾ (ਜਰਮਨ ਇੰਟਰ ਡਿਸਪਲੀਨਰੀ ਐਸੋਸੀਏਸ਼ਨ ਫਾਰ ਇਨਵਾਇਰਮੈਂਟਲ ਮੈਡੀਸਨ) ਦੇ ੨੨ ਡਾਕਟਰਾਂ ਦੇ ਸਰਵੇਖਣ ਅਨੁਸਾਰ ਮੋਬਾਇਲ ਫੋਨ ਵਰਤਣ ਵਾਲਿਆਂ ਵਿੱਚ ਸਿੱਖਣ ਵਿੱਚ ਮੁਸ਼ਕਲ, ਇਕਾਗਰਤਾ ਵਿੱਚ ਕਮੀ, ਸੁਭਾਅ ਵਿੱਚ ਬਦਲਾਅ, ਬਲੱਡ ਪ੍ਰੈਸ਼ਰ ਵਿੱਚ ਉਤਰਾਅ-ਚੜ੍ਹਾਅ, ਦਿਲ ਦੀਆਂ ਬਿਮਾਰੀਆਂ, ਦਿਲ ਦਾ ਦੌਰਾ, ਦਿਮਾਗੀ ਬਿਮਾਰੀਆਂ (ਮਿਰਗੀ, ਲਿਊਕੀਮੀਆ, ਦਿਮਾਗੀ ਰਸੌਲੀ) ਆਦਿ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਬਾਵਜੂਦ ਸੱਭ ਜਾਣਦੇ ਹੋਏ ਅੱਜ ਮੋਬਾਇਲ ਫੋਨ ਵਿੱਚ ਇੰਨੇ ਵਿਅਸਥ ਹੋ ਚੁੱਕੇ ਹਾਂ ਕਿ ਸਾਡਾ ਕਿਤਾਬਾਂ/ਅਖਬਾਰਾਂ ਨਾਲ ਮੋਹ ਹੀ ਕੋਈ ਨਹੀਂ ਰਿਹਾ, ਗੱਲ ਇਸ ਮੋਹ ਦੀ ਹੀ ਨਹੀਂ ਰਹੀ, ਸਗੋਂ ਸਾਡਾ ਤਾਂ ਆਪਣੇ ਭਾਈਚਾਰੇ, ਰਿਸ਼ਤੇਦਾਰੀ ਇੱਥੋਂ ਤੱਕ ਕੇ ਆਪਣੇ ਪਰਿਵਾਰ ਨਾਲ ਵੀ ਮੋਹ ਨਹੀਂ ਰਿਹਾ, ਬੱਸ ਸਾਰਾ ਦਿਨ ਮੋਬਾਇਲ ਨੂੰ ਆਪਣਾ ਜਿੰਦਗੀ ਦਾ ਇੱਕੋ ਇੱਕ ਜ਼ਰੂਰੀ ਹਿੱਸਾ ਮੰਨ ਲਿਆ ਹੈ। ਉਸਨੂੰ ਦੇਖ ਕੇ ਹੀ ਮੁਸਕਰਾ ਪੈਂਦੇ ਹਾਂ ਉਸਨੂੰ ਦੇਖ ਕੇ ਹੀ ਉਦਾਸ ਹੋ ਜਾਂਦੇ ਹਾਂ। ਮੋਬਾਇਲ ਦੇ ਜਾਨੂੰਨ ਨੇ ਸਾਨੂੰ ਇੱਕਲਿਆਂ ਕਰ ਦਿੱਤਾ ਹੈ ਮੰਨੋ ਭਾਵੇਂ ਨਾਂਹ। ਅੱਜ ਅਸੀਂ ਸਮਾਜ ਪ੍ਰਤੀ ਜਾਂ ਆਪਣੇ ਪਰਿਵਾਰ ਪ੍ਰਤੀ ਜਿੰਮੇਵਾਰੀਆਂ ਨਿਭਾ ਕੇ ਆਪਣਾ ਚੰਗਾ ਪੱਖ ਸਾਬਤ ਕਰਨ ਦੀ ਥਾਂ, ਕੇਵਲ ਆਪਣੀ ਵੰਨ-ਸਵੰਨੀਆਂ ਤਸਵੀਰਾਂ ਸੋਸ਼ਲ ਸਾਈਟਾਂ ਤੇ ਪਾ ਕੇ ਆਪਣੇ ਆਪ ਨੂੰ ਸੁਹਣਾ ਜਾਂ ਵਧੀਆ ਸਾਬਤ ਕਰਨ ਵਿੱਚ ਲੱਗੇ ਹੋਏ ਹਾਂ। ਖੈਰ! ਹਰ ਸ਼ੈਅ ਦੀ ਇੱਕ ਹੱਦ ਹੈ ਅਤੇ ਹੱਦ ਵਿੱਚ ਰਹਿ ਕੇ ਹੀ ਅਸੀਂ ਕਿਸੇ ਵੀ ਚੀਜ਼ ਦੀ ਸਹੀ ਵਰਤੋਂ ਕਰ ਸਕਦੇ ਹਾਂ।



# ਹਾਂਗਕਾਂਗ-ਸਿੰਗਾਪੁਰ 'ਚ ਐੱਮਡੀਐੱਚ ਤੇ ਐਵਰੈਸਟ ਦੇ ਕੁਝ ਮਸਾਲਿਆਂ ਉੱਤੇ ਕਿਉਂ ਲਾਈ ਗਈ ਪਾਬੰਦੀ - ਜਾਣੋ ਪੂਰਾ ਮਾਮਲਾ

ਹਾਂਗਕਾਂਗ ਦੇ ਫੂਡ ਸੇਫਟੀ ਵਿਭਾਗ ਨੇ ਭਾਰਤੀ ਕੰਪਨੀਆਂ ਐੱਮਡੀਐੱਚ ਅਤੇ ਐਵਰੈਸਟ ਦੇ ਕੁਝ ਪੈਕ ਕੀਤੇ ਮਸਾਲਿਆਂ ਵਿੱਚ ਕੀਟਨਾਸ਼ਕ ਐਥੀਲੀਨ ਆਕਸਾਈਡ ਪਾਏ ਜਾਣ ਦਾ ਦਾਅਵਾ ਕੀਤਾ ਹੈ ਅਤੇ ਲੋਕਾਂ ਨੂੰ ਇਨ੍ਹਾਂ ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ ਹੈ। ਇਸ ਦੇ ਨਾਲ ਹੀ ਇਸ ਦੀ ਖਰੀਦੋ-ਫਰੋਖ਼ਤ ਨੂੰ ਰੋਕਣ ਲਈ ਵੀ ਕਿਹਾ ਹੈ। ਸਿੰਗਾਪੁਰ 'ਚ ਐਵਰੈਸਟ ਦੇ ਫਿਸ਼ ਕਰੀ ਮਸਾਲਾ ਨੂੰ ਬਾਜ਼ਾਰ 'ਚੋਂ ਵਾਪਸ ਲੈਣ ਦੇ ਨਿਰਦੇਸ਼ ਦਿੱਤੇ ਗਏ ਹਨ।ਹਾਂਗਕਾਂਗ ਦੇ ਫੂਡ ਸੇਫਟੀ ਵਿਭਾਗ ਦੇ ਸੈਂਟਰ ਫਾਰ ਫੂਡ ਸੇਫਟੀ ਨੇ ਐੱਮਡੀਐੱਚ ਦੇ ਮਦਰਾਸ ਕਰੀ ਪਾਊਡਰ, ਸਾਂਭਰ ਮਸਾਲਾ ਮਿਕਸਡ ਪਾਊਡਰ ਅਤੇ ਕਰੀ ਪਾਊਡਰ ਮਿਕਸਡ ਮਸਾਲਾ ਵਿੱਚ ਕੀਟਨਾਸ਼ਕ ਐਥੀਲੀਨ ਆਕਸਾਈਡ ਪਾਇਆ ਹੈ ਅਤੇ ਲੋਕਾਂ ਨੂੰ ਇਸ ਦੀ ਵਰਤੋਂ ਨਾ ਕਰਨ ਲਈ ਕਿਹਾ ਹੈ।ਫੂਡ ਸੇਫਟੀ ਡਿਪਾਰਟਮੈਂਟ, ਸੈਂਟਰ ਫਾਰ ਫੂਡ ਸੇਫਟੀ ਨੇ ਇਨ੍ਹਾਂ ਦੀ ਵਿਕਰੀ 'ਤੇ ਰੋਕ ਲਗਾਉਣ ਦਾ ਕਾਰਨ ਦੱਸਦੇ ਹੋਏ ਕਿਹਾ ਹੈ ਕਿ ਕੈਂਸਰ 'ਤੇ ਖੋਜ ਕਰਨ ਵਾਲੀ ਏਜੰਸੀ ਨੇ ਐਥੀਲੀਨ ਆਕਸਾਈਡ ਨੂੰ ਗਰੁੱਪ 1 ਕਾਰਸੀਨੋਜਨ 'ਚ ਰੱਖਿਆ ਹੈ।ਕਾਰਸੀਨੋਜਨ ਅਜਿਹੇ ਪਦਾਰਥ ਹੁੰਦੇ ਹਨ ਜੋ ਕੈਂਸਰ ਦੇ ਖ਼ਤਰੇ ਦਾ ਕਾਰਨ ਬਣਦੇ ਹਨ।



**ਸਿੰਗਾਪੁਰ ਵਿੱਚ ਐਵਰੈਸਟ ਫਿਸ਼ ਕਰੀ ਮਸਾਲੇ 'ਤੇ ਪਾਬੰਦੀ**

ਫੂਡ ਸੇਫਟੀ ਡਿਪਾਰਟਮੈਂਟ ਨੇ ਭੋਜਨ ਪਦਾਰਥਾਂ ਵਿੱਚ ਕੀਟਨਾਸ਼ਕ ਦੇ ਰਹਿੰਦ-ਖੂੰਹਦ ਨਿਯਮਾਂ (ਕੈਪ. 132ਸੀਐੱਮ) ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਇਸ ਦੀ ਮੌਜੂਦਗੀ ਵਾਲਾ ਭੋਜਨ ਤਾਂ ਹੀ ਵੇਚਿਆ ਜਾ ਸਕਦਾ ਹੈ ਜੇਕਰ ਇਸ ਦੀ ਵਰਤੋਂ ਸਿਹਤ ਲਈ ਹਾਨੀਕਾਰਕ ਜਾਂ ਖ਼ਤਰਨਾਕ ਨਾ ਹੋਵੇ।ਹਾਂਗਕਾਂਗ ਦੇ ਸੈਂਟਰ ਫਾਰ ਫੂਡ ਸੇਫਟੀ ਨੇ ਤਿੰਨ ਪ੍ਰਚੂਨ ਦੀਆਂ ਦੁਕਾਨਾਂ ਤੋਂ ਮਸਾਲਿਆਂ ਦੇ ਨਮੂਨੇ ਲਏ ਸਨ।ਸੈਂਟਰ ਫਾਰ ਫੂਡ ਸੇਫਟੀ ਦੇ ਬੁਲਾਰੇ ਮੁਤਾਬਕ, ਹਾਂਗਕਾਂਗ ਵਿੱਚ ਖਾਣੇ ਵਾਲੇ ਪਦਾਰਥਾਂ ਵਿੱਚ ਐਥੀਲੀਨ ਆਕਸਾਈਡ ਵਰਗੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਵੱਧ ਤੋਂ ਵੱਧ 50 ਹਜ਼ਾਰ ਡਾਲਰ ਦਾ ਜੁਰਮਾਨਾ ਹੋ ਸਕਦਾ ਹੈ।ਜ਼ੁਲਮ ਸਾਬਤ ਹੋਣ 'ਤੇ ਜੁਰਮਾਨੇ ਦੇ ਨਾਲ-ਨਾਲ ਛੇ ਮਹੀਨੇ ਤੱਕ ਦੀ ਸਜ਼ਾ ਹੋ ਸਕਦੀ ਹੈ।ਇਸ ਦੌਰਾਨ ਸਿੰਗਾਪੁਰ ਨੇ ਦੇਸ਼ ਦੀ ਫੂਡ ਏਜੰਸੀ ਨੂੰ ਐਥਲੀਨ ਆਕਸਾਈਡ ਮਿਲਣ 'ਤੇ ਐਵਰੈਸਟ ਦੇ ਫਿਸ਼ ਕਰੀ ਮਸਾਲੇ ਨੂੰ ਬਾਜ਼ਾਰ ਤੋਂ ਵਾਪਸ ਲੈਣ ਦਾ ਹੁਕਮ ਦਿੱਤਾ ਹੈ।ਦੇਸ਼ ਵਿੱਚ ਇਸ ਮਸਾਲੇ ਦੀ ਦਰਾਮਦ ਕਰਨ ਵਾਲੀ ਮੁਥੱਈਆ ਐਂਡ ਸੰਨਜ਼ ਪ੍ਰਾਈਵੇਟ ਲਿਮਟਿਡ ਨੂੰ ਇਸ ਉਤਪਾਦ ਨੂੰ ਬਾਜ਼ਾਰ ਵਿੱਚੋਂ ਵਾਪਸ ਲੈਣ ਲਈ ਕਿਹਾ ਗਿਆ ਹੈ।ਸਿੰਗਾਪੁਰ ਦੀ ਫੂਡ ਏਜੰਸੀ ਨੇ ਖਪਤਕਾਰਾਂ ਨੂੰ ਐਵਰੈਸਟ ਦੇ ਫਿਸ਼ ਕਰੀ ਮਸਾਲੇ ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ ਹੈ।ਸਿੰਗਾਪੁਰ ਦੀ ਫੂਡ ਏਜੰਸੀ ਨੇ ਆਪਣੇ ਫੈਸਲੇ ਦੇ ਸਮਰਥਨ ਵਿੱਚ ਹਾਂਗਕਾਂਗ ਦੇ ਫੂਡ ਸੇਫਟੀ ਡਿਪਾਰਟਮੈਂਟ ਦੁਆਰਾ ਜਾਰੀ ਕੀਤੇ ਉਸੇ ਨਿਰਦੇਸ਼ ਦਾ ਹਵਾਲਾ ਦਿੱਤਾ ਹੈ, ਜਿਸ ਵਿੱਚ ਐੱਮਡੀਐੱਚ ਦੇ ਤਿੰਨ ਮਸਾਲਿਆਂ ਅਤੇ ਐਲਰੈਸਟ ਦੇ ਫਿਸ਼ ਕਰੀ ਮਸਾਲੇ ਵਿੱਚ ਕੈਂਸਰ ਦਾ ਖ਼ਤਰਾ ਪੈਦਾ ਕਰਨ ਵਾਲੇ ਤੱਤ ਹੋਣ ਦੀ ਗੱਲ ਕਹੀ ਗਈ ਹੈ।

**ਐਥੀਲੀਨ ਆਕਸਾਈਡ ਕੀ ਹੈ ?**

ਐਥੀਲੀਨ ਆਕਸਾਈਡ ਇੱਕ ਰੰਗਹੀਣ ਅਤੇ ਜਲਣਸ਼ੀਲ ਗੈਸ ਹੈ। ਇਸ ਦੀ ਵਰਤੋਂ ਆਮ ਤੌਰ 'ਤੇ ਖੇਤੀਬਾੜੀ, ਸਿਹਤ ਸੰਭਾਲ ਅਤੇ ਫੂਡ ਪ੍ਰੋਸੈਸਿੰਗ ਇੰਡਸਟ੍ਰੀ ਵਿੱਚ ਕੀਟਨਾਸ਼ਕ, ਸਟਰਿਲੈਂਟ ਦਾ ਫਯੂਮਿਗੈਂਟ ਬਣਾਉਣ ਵਿੱਚ ਵਰਤਿਆ ਜਾਂਦਾ ਹੈ।ਮਸਾਲਿਆਂ ਅਤੇ ਹੋਰ ਸੁੱਕੇ ਭੋਜਨਾਂ ਵਿੱਚ ਮਾਈਕਰੋਬਾਇਲ ਪ੍ਰਦੂਸ਼ਣ ਨੂੰ ਖ਼ਤਮ ਕਰਨ ਅਤੇ ਕੀੜਿਆਂ ਨੂੰ ਕਾਬੂ ਕਰਨ ਲਈ ਐਥੀਲੀਨ ਆਕਸਾਈਡ ਦੀ ਵਰਤੋਂ ਕੀਤੀ ਜਾਂਦੀ ਹੈ।ਬੈਕਟੀਰੀਆ, ਉੱਲੀ ਅਤੇ ਕੀੜਿਆਂ ਤੋਂ ਭੋਜਨ ਨੂੰ ਸੁਰੱਖਿਅਤ ਕਰਨ ਲਈ ਐਥੀਲੀਨ ਆਕਸਾਈਡ ਦੀ ਵਰਤੋਂ ਹੁੰਦੀ ਹੈ।ਹਾਲਾਂਕਿ ਕਈ ਸਿਹਤ ਸੰਸਥਾਵਾਂ ਨੇ ਇਸ ਨੂੰ ਕਾਰਸੀਨੋਜਨ ਦੀ ਸ਼੍ਰੇਣੀ ਵਿੱਚ ਰੱਖਿਆ ਹੈ। ਕਾਰਸੀਨੋਜਨ ਕੈਂਸਰ ਦੇ ਖਤਰੇ ਦਾ ਕਾਰਨ ਬਣ ਸਕਦੇ ਹਨ।ਈਥੀਲੀਨ ਆਕਸਾਈਡ ਦੇ ਖਤਰੇ ਨੂੰ ਦੇਖਦੇ ਹੋਏ ਕਈ ਦੇਸ਼ਾਂ ਦੇ ਫੂਡ ਰੈਗੂਲੇਟਰਾਂ ਨੇ ਖਾਣ-ਪੀਣ ਵਾਲੀਆਂ ਚੀਜ਼ਾਂ 'ਚ ਇਸ ਦੀ ਵਰਤੋਂ ਨੂੰ ਲੈ ਕੇ ਸਖਤ ਨਿਯਮ ਬਣਾਏ ਹਨ। ਇਨ੍ਹਾਂ ਦੇਸ਼ਾਂ ਵਿੱਚ ਐਥੀਲੀਨ ਆਕਸਾਈਡ ਦੀ ਮਾਤਰਾ ਨਿਰਧਾਰਤ ਕਰਨ ਲਈ ਸਖ਼ਤ ਕਾਨੂੰਨ ਹਨ।ਹਾਲਾਂਕਿ ਕਈ ਸਿਹਤ ਸੰਸਥਾਵਾਂ ਨੇ ਇਸ ਨੂੰ ਕਾਰਸੀਨੋਜਨ ਦੀ ਸ਼੍ਰੇਣੀ ਵਿੱਚ ਰੱਖਿਆ ਹੈ। ਕਾਰਸੀਨੋਜਨ ਕੈਂਸਰ ਦਾ ਖ਼ਤਰਾ ਪੈਦਾ ਕਰ ਸਕਦੇ ਹਨ।ਐਥੀਲੀਨ ਆਕਸਾਈਡ ਦੇ ਖ਼ਤਰੇ ਨੂੰ ਦੇਖਦੇ ਹੋਏ ਕਈ ਦੇਸ਼ਾਂ ਦੇ ਫੂਡ ਰੈਗੂਲੇਟਰਾਂ ਨੇ ਖਾਣ-ਪੀਣ ਵਾਲੀਆਂ ਚੀਜ਼ਾਂ 'ਚ ਇਸ ਦੀ ਵਰਤੋਂ ਨੂੰ ਲੈ ਕੇ ਸਖ਼ਤ ਨਿਯਮ ਬਣਾਏ ਹਨ। ਇਨ੍ਹਾਂ ਦੇਸ਼ਾਂ ਵਿੱਚ ਐਥੀਲੀਨ ਆਕਸਾਈਡ ਦੀ ਮਾਤਰਾ ਨਿਰਧਾਰਤ ਕਰਨ ਲਈ ਸਖ਼ਤ ਕਾਨੂੰਨ ਹਨ।

**ਅਮਰੀਕਾ ਵਿੱਚ ਵੀ ਮਸਾਲਿਆਂ 'ਤੇ ਸਵਾਲ ਹਨ**

ਭਾਰਤੀ ਮਸਾਲਿਆਂ ਦੇ ਵਿਦੇਸ਼ੀ ਨਿਯਮਾਂ ਵਿੱਚ ਫਸਣ ਦੇ ਕੁਝ ਮਾਮਲੇ ਪਹਿਲਾਂ ਵੀ ਸਾਹਮਣੇ ਆਏ ਹਨ। 2023 ਵਿੱਚ, ਅਮਰੀਕਾ ਦੀ ਫੂਡ ਐਂਡ ਡਰੱਗਜ਼ ਅਥਾਰਟੀ ਨੇ ਐਵਰੈਸਟ ਦੇ ਸਾਂਬਰ ਮਸਾਲਾ ਅਤੇ ਗਰਮ ਮਸਾਲਾ ਨੂੰ ਮਾਰਕੀਟ ਤੋਂ ਵਾਪਸ ਲੈਣ ਦਾ ਨਿਰਦੇਸ਼ ਦਿੱਤਾ ਸੀ।ਇਹ ਮਸਾਲੇ ਸਾਲਮੋਨੇਲਾ ਪਾਜ਼ੀਟਿਵ ਮਿਲੇ ਸਨ। ਇਸ ਬੈਕਟੀਰੀਆ ਨਾਲ ਡਾਇਰੀਆ, ਚੱਕਰ ਜਾਂ ਉਲਟੀਆਂ ਪੇਟ ਦਰਦ ਅਤੇ ਬੁਖ਼ਾਰ ਹੋ ਸਕਦਾ ਹੈ।ਹਾਲ ਹੀ ਵਿੱਚ ਬੇਬੀ ਫੂਡ ਵੇਚਣ ਵਾਲੀ ਕੰਪਨੀ ਨੇਸਲੇ ਦੇ ਏਸ਼ੀਆ, ਅਫਰੀਕਾ ਅਤੇ ਲੈਟਿਨ ਅਮਰੀਕਾ ਵਿੱਚ ਮੌਜੂਦ ਉਤਪਾਦਾਂ ਵਿੱਚ ਵਾਧੂ ਖੰਡ ਪਾਈ ਗਈ ਸੀ।ਇਨ੍ਹਾਂ ਉਤਪਾਦਾਂ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਬੇਬੀ ਸੀਰੀਅਲ ਬ੍ਰਾਂਡ ਸੇਰੇਲੈਕ ਵੀ ਸ਼ਾਮਲ ਹੈ। ਸ਼ਿਸ਼ੂਆਂ ਨੂੰ ਖੰਡ ਦੇਣ ਦੀ ਸਲਾਹ ਨਹੀਂ ਦਿੱਤੀ ਜਾਂਦੀ।ਇਹ ਰਿਪੋਰਟ ਸਵਿਸ ਸੰਸਥਾ ਪਬਲਿਕ ਆਈ ਦੀ ਸੀ। ਇਹ ਰਿਪੋਰਟ ਇੰਟਰਨੈਸ਼ਨਲ ਬੇਬੀ ਫੂਡ ਐਕਸ਼ਨ ਨੈੱਟਵਰਕ ਦੇ ਸਹਿਯੋਗ ਨਾਲ ਲਿਆਂਦੀ ਗਈ ਹੈ।ਬੈਲਜੀਅਮ ਦੀ ਇੱਕ ਲੈਬ ਵਿੱਚ ਇਨ੍ਹਾਂ ਉਤਪਾਦਾਂ ਦੀ ਜਾਂਚ ਤੋਂ ਬਾਅਦ ਇਹ ਰਿਪੋਰਟ ਜਾਰੀ ਕੀਤੀ ਗਈ ਸੀ।

## ਐਵਰੈਸਟ ਨੇ ਕੀ ਕਿਹਾ ?

ਸਿੰਗਾਪੁਰ ਦੀ ਫੂਡ ਏਜੰਸੀ ਨੇ ਕਿਹਾ ਹੈ ਕਿ ਐਥੀਲੀਨ ਆਕਸਾਈਡ ਦੀ ਘੱਟ ਮਾਤਰਾ ਨਾਲ ਕੋਈ ਤੁਰੰਤ ਖ਼ਤਰਾ ਨਹੀਂ ਹੈ। ਪਰ ਲੰਬੇ ਸਮੇਂ ਤੱਕ ਵਰਤੋਂ ਨਾਲ, ਅਜਿਹੇ ਰਸਾਇਣ ਸਿਹਤ ਲਈ ਖ਼ਤਰਾ ਪੈਦਾ ਕਰ ਸਕਦੇ ਹਨ। ਨਿਊਜ਼ ਵੈੱਬਸਾਈਟ ਵਿਓਨ ਨੂੰ ਦਿੱਤੇ ਜਵਾਬ ਵਿੱਚ ਐਵਰੈਸਟ ਨੇ ਕਿਹਾ ਹੈ ਕਿ ਇਹ ਪੰਜਾਹ ਸਾਲ ਪੁਰਾਣਾ ਅਤੇ ਨਾਮਵਰ ਬ੍ਰਾਂਡ ਹੈ।ਐਵਰੈਸਟ ਨੇ ਕਿਹਾ, ਸਾਡੇ ਸਾਰੇ ਉਤਪਾਦ ਸਖ਼ਤ ਜਾਂਚ ਤੋਂ ਬਾਅਦ ਹੀ ਤਿਆਰ ਅਤੇ ਐਕਸਪੋਰਟ ਕੀਤੇ ਜਾਂਦੇ ਹਨ। ਅਸੀਂ ਸਾਫ਼-ਸਫਾਈ ਅਤੇ ਭੋਜਨ ਸੁਰੱਖਿਆ ਦੇ ਮਿਆਰਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹਾਂ।ਸਾਡੇ ਉਤਪਾਦਾਂ 'ਤੇ ਇੰਡੀਅਨ ਸਪਾਈਸ ਬੋਰਡ ਅਤੇ ਐੱਫਐੱਸਐੱਸਏਆਈ ਸਮੇਤ ਸਾਰੀਆਂ ਏਜੰਸੀਆਂ ਤੋਂ ਮਨਜ਼ੂਰੀ ਦੀ ਮੋਹਰ ਲੱਗੀ ਹੋਈ ਹੈ।ਐਵਰੈਸਟ ਨੇ ਕਿਹਾ, ਹਰ ਐਕਸਪੋਰਟ ਤੋਂ ਪਹਿਲਾਂ, ਸਾਡੇ ਉਤਪਾਦਾਂ ਦੀ ਇੰਡੀਅਨ ਸਪਾਈਸ ਬੋਰਡ ਦੁਆਰਾ ਜਾਂਚ ਕੀਤੀ ਜਾਂਦੀ ਹੈ। ਫਿਲਹਾਲ ਅਸੀਂ ਅਧਿਕਾਰਤ ਜਾਣਕਾਰੀ ਦੀ ਉਡੀਕ ਕਰ ਰਹੇ ਹਾਂ। ਸਾਡੀ ਕੁਆਲਿਟੀ ਕੰਟ੍ਰੋਲ ਟੀਮ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰੇਗੀ।

# ਈਰਾਨ ਦਾ ਇਸਫਹਾਨ ਸ਼ਹਿਰ ਕਿਸ ਗੱਲ ਲਈ ਮਸ਼ਹੂਰ ਹੈ, ਇਜ਼ਰਾਈਲ ਨੇ ਇਸ ਨੂੰ ਕਥਿਤ ਤੌਰ 'ਤੇ ਨਿਸ਼ਾਨਾ ਕਿਉਂ ਬਣਾਇਆ



ਮੀਨਾਰਾਂ, ਮਹਿਲਾਂ ਅਤੇ ਟਾਈਲਦਾਰ ਮੀਨਾਰਾਂ ਲਈ ਮਸ਼ਹੂਰ ਇਸਫਹਾਨ ਫੌਜੀ ਉਦਯੋਗ ਦਾ ਵੱਡਾ ਕੇਂਦਰ ਹੈ। ਇਜ਼ਰਾਈਲ ਵੱਲੋਂ ਈਰਾਨ 'ਤੇ ਹਮਲੇ ਤੋਂ ਬਾਅਦ ਇੱਥੇ ਪੂਰੀ ਰਾਤ ਧਮਾਕੇ ਸੁਣਾਈ ਦਿੱਤੇ ਸਨ। ਇਹ ਈਰਾਨ ਦਾ ਤੀਜਾ ਸਭ ਤੋਂ ਵੱਡਾ ਸ਼ਹਿਰ ਹੈ, ਇਸ ਨੂੰ 'ਨੇਸਫ-ਏ-ਜਹਾਨ' ਜਾਂ ਅੱਧਾ ਸੰਸਾਰ ਵੀ ਕਿਹਾ ਜਾਂਦਾ ਹੈ।ਇਹ ਈਰਾਨ ਦੇ ਕੇਂਦਰ ਵਿੱਚ ਸਥਿਤ ਹੈ, ਇਸ ਦੇ ਨੇੜੇ ਹੀ ਜ਼ਾਗਰੋਸ ਪਹਾੜ ਪੈਂਦੇ ਹਨ।ਇਹ ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਦਾ ਇਲਾਕਾ ਡਰੋਨ ਅਤੇ ਬੈਲਿਸਟਿਕ ਮਿਜ਼ਾਇਲਾਂ ਬਣਾਉਣ ਦੇ ਲਈ ਜਾਣਿਆ ਜਾਂਦਾ ਹੈ।ਨਾਤਾਂਜ਼ ਨਿਊਕਲੀਅਰ ਕੇਂਦਰ ਵੀ ਇਸ ਦੇ ਨੇੜੇ ਹੀ ਸਥਿਤ ਹੈ ਜੋ ਕਿ ਈਰਾਨ ਦੇ ਨਿਊਕਲੀਅਰ ਐਨਰਿਚਮੈਂਟ ਪ੍ਰੋਗਰਾਮ ਦਾ ਸਭ ਤੋਂ ਮਹੱਤਵਪੂਰਨ ਕੇਂਦਰ ਹੈ।ਇਸ ਸ਼ਹਿਰ ਦਾ ਨਾਮ ਈਰਾਨ ਵਿੱਚ ਪ੍ਰਮਾਣੂ ਕੇਂਦਰਾਂ ਨਾਲ ਜੁੜਿਆ ਹੋਣ ਕਰਕੇ ਇਸ ਹਮਲੇ ਤੋਂ ਕੀ ਸੁਨੇਹਾ ਮਿਲਦਾ ਹੈ ਉਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।ਜੇਕਰ ਇਹ ਇੱਕ ਇਜ਼ਰਾਈਲੀ ਹਮਲਾ ਸੀ ਤਾਂ ਅਜਿਹਾ ਲੱਗਦਾ ਹੈ ਕਿ ਬੈਂਜਾਮਿਨ ਨੇਤਨਯਾਹੂ ਦੀ ਸਰਕਾਰ ਈਰਾਨ ਨੂੰ ਇੱਕ ਸੁਨੇਹਾ ਦੇ ਰਹੀ ਸੀ ਕਿ ਇਸ ਕੋਲ ਇਹ ਸਮਰੱਥਾ ਹੈ ਕਿ ਉਹ ਇਸ ਸੂਬੇ ਵਿਚਲੇ ਸੰਵੇਦਨਸ਼ੀਲ ਟਿਕਾਣਿਆਂ ਨੂੰ ਆਪਣੇ ਆਪ ਨੂੰ ਸੰਕੋਚ ਵਿੱਚ ਰੱਖਦਿਆਂ ਵੀ ਨਿਸ਼ਾਨਾ ਬਣਾ ਸਕਦੀ ਹੈ।ਈਰਾਨੀ ਅਧਿਕਾਰੀਆਂ ਨੇ ਇਹ ਐਲਾਨ ਕੀਤਾ ਕਿ ਈਰਾਨ ਦੇ ਇਸਫਾਹਨ ਸੂਬੇ ਵਿੱਚ ਪ੍ਰਮਾਣੂ ਕੇਂਦਰ ਪੂਰੀ ਤਰ੍ਹਾਂ ਸੁਰੱਖਿਅਤ ਸਨ। ਈਰਾਨ ਦੇ ਕੋਲ ਪ੍ਰਮਾਣੂ ਹਥਿਆਰ ਨਹੀਂ ਹਨ ਅਤੇ ਇਹ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ ਉਹ ਪ੍ਰਮਾਣੂ ਹਥਿਆਰਾਂ ਵਾਲਾ ਮੁਲਕ ਬਣਨ ਜਾ ਰਿਹਾ ਹੈ। ਇਸ ਦੇ ਬਾਵਜੂਦ ਉਸ ਰਾਤ ਨੂੰ ਕੀ ਹੋਇਆ ਇਸ ਬਾਰੇ ਵੱਖ-ਵੱਖ ਜਾਣਕਾਰੀ ਸਾਹਮਣੇ ਆਈ ਹੈ। ਈਰਾਨ ਪੁਲਾੜ ਏਜੰਸੀ ਦੇ ਬੁਲਾਰੇ ਹੋਸੇਨੇ ਦਾਲੀਰੀਅਨ ਨੇ ਕਿਹਾ ਕਈ ਡਰੋਨਾਂ ਨੂੰ ਸਫ਼ਲਤਾਪੂਰਵਕ ਫੰਡ ਦਿੱਤਾ ਗਿਆ ਹੈ ਅਤੇ ਇਨ੍ਹਾਂ ਰਿਪੋਰਟਾਂ ਨੂੰ ਰੱਦ ਕੀਤਾ ਕਿ ਕੋਈ ਮਿਜ਼ਾਇਲ ਹਮਲਾ ਹੋਇਆ ਹੈ। ਇਸ ਤੋਂ ਬਾਅਦ ਈਰਾਨ ਦੇ ਵਿਦੇਸ਼ ਮੰਤਰੀ ਹੋਸੇਨ, ਅਮੀਰ- ਅਬਦੁੱਲਾਹੀਅਨ ਨੇ ਸਟੇਟ ਟੀਵੀ ਨੂੰ ਕਿਹਾ ਕਿ ਮਿੰਨੀ ਡਰੋਨਾਂ ਨੇ ਇਸਫਹਾਨ ਵਿੱਚ ਕੋਈ ਨੁਕਸਾਨ ਨਹੀਂ ਕੀਤਾ ਹਾਲਾਂਕਿ 'ਇਜ਼ਰਾਈਲ' ਪੱਖੀ ਮੀਡੀਆ ਇਸ ਦੇ ਉਲਟ ਖ਼ਬਰਾਂ ਦੇ ਰਿਹਾ ਹੈ।ਕਈ ਈਰਾਨੀ ਮੀਡੀਆ ਅਦਾਰਿਆਂ ਵੱਲੋਂ ਇਹ ਖ਼ਬਰਾਂ ਦਿਖਾਈਆਂ ਗਈਆਂ ਸਨ ਕਿ ਇਸਫਹਾਨ ਹਵਾਈ ਅੱਗੇ ਅਤੇ ਇੱਕ ਮਿਲਟਰੀ ਏਅਰ ਬੇਸ ਦੇ ਨੇੜੇ ਤਿੰਨ ਧਮਾਕੇ ਹੋਏ ਸਨ।ਈਰਾਨ ਦੀ ਫੌਜ ਦੇ ਕਮਾਂਡਰ ਅਬਦੋਲਰਹੀਮ ਮੌਸਾਵੀ ਨੇ ਇਨ੍ਹਾਂ ਧਮਾਕਿਆਂ ਦਾ ਕਾਰਨ ਏਅਰ ਕਰਾਫਟ ਵਿਰੋਧੀ ਡਿਫੈਂਸ ਸਿਸਟਮ ਦੀ ਕਿਸੇ ਸ਼ੱਕੀ ਚੀਜ਼ ਉੱਤੇ ਗੋਲੀਬਾਰੀ ਕਰਨਾ ਦੱਸਿਆ ਸੀ। ਹੋਰ ਈਰਾਨੀ ਮੀਡੀਆ ਅਧਿਕਾਰੀਆਂ ਨੇ ਦੱਸਿਆ ਕਿ ਇਹ ਡਰੋਨ ਘੁਸਪੈਠੀਆਂ ਵੱਲੋਂ ਦਾਗ਼ੇ ਗਏ ਸਨ।ਈਰਾਨੀ ਹਵਾਈ ਫੌਜ ਦਾ ਇਸਫਹਾਨ ਹਵਾਈ ਅੱਡੇ ਉੱਤੇ ਬੇਸ ਹੈ ਜਿੱਥੇ ਇਸ ਦੇ ਕਈ ਐੱਫ 14 ਫਾਈਟਰ ਜੈੱਟ ਰੱਖੇ ਗਏ ਹਨ।ਈਰਾਨ ਨੇ ਪਹਿਲਾਂ ਅਮਰੀਕੀ ਐੱਫ 14 1970ਵਿਆਂ ਵਿੱਚ ਸ਼ਾਹ ਦੇ ਰਾਜ ਹੇਠ ਹਾਸਲ ਕੀਤੇ ਸਨ।ਟੌਪ ਗੰਨ ਮੈਵਰਿਕ ਫ਼ਿਲਮ ਵਿੱਚ ਦਿਖਾਏ ਗਏ ਐੱਫ 14 ਜਹਾਜ਼ਾਂ ਨੂੰ ਉਡਾਉਣ ਵਾਲਾ ਈਰਾਨ ਇਕੱਲਾ ਹੀ ਦੇਸ਼ ਹੈ।ਇਸਫਹਾਨ 'ਤੇ ਪਹਿਲਾਂ ਵੀ ਹਮਲਾ ਹੋ ਚੁੱਕਿਆ ਹੈ। ਜਨਵਰੀ 2023 ਵਿੱਚ ਈਰਾਨ ਨੇ ਇਜ਼ਰਾਈਲ ਉੱਤੇ ਇਹ ਇਲਜ਼ਾਮ ਲਗਾਇਆ ਸ਼ਹਿਰ ਦੇ ਕੇਂਦਰੀ ਭਾਗ ਵਿੱਚ ਸਥਿਤ ਇੱਕ ਹਥਿਆਰਾਂ ਦੀ ਫੈਕਟਰੀ ਉੱਤੇ ਡਰੋਨ ਹਮਲਾ ਕੀਤਾ।ਇਹ ਹਮਲਾ ਕੁਆਡਕੋਪਟਸ ਨਾਮ ਦੇ ਡਰੋਨਾਂ ਰਾਹੀਂ ਕੀਤਾ ਗਿਆ ਸੀ।ਅਜਿਹੇ ਹੀ ਡਰੋਨ ਹਮਲੇ ਈਰਾਨ ਦੇ ਹੋਰ ਸ਼ਹਿਰਾਂ ਵਿੱਚ ਵੀ ਹੋ ਚੁੱਕੇ ਹਨ।ਇਜ਼ਰਾਈਲ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਹੈ ਕਿ ਇਹ ਹਮਲੇ ਉਸ ਵੱਲੋਂ ਕੀਤੇ ਗਏ ਸਨ।ਹੈਮਿਸ਼ ਡੇ ਬ੍ਰੇਟਨ ਗੌਰਦੋਨ ਰਸਾਇਣਕ ਹਥਿਆਰਾਂ ਦੇ ਮਾਹਰ ਹਨ ਉਹ ਯੂਕੇ ਅਤੇ ਨਾਟੋ ਦੇ ਸੁਰੱਖਿਆਂ ਬਲਾਂ ਦੇ ਸਾਬਕਾ ਮੁਖੀ ਰਹੇ ਹਨ।ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ ਕਿ ਇਸਫਹਾਨ ਨੂੰ ਨਿਸ਼ਾਨਾ ਬਣਾਉਣਾ ਬਹੁਤ ਅਹਿਮ ਸੀ ਕਿਉਂਕਿ ਇਸ ਦੇ ਆਲੇ ਦੁਆਲੇ ਕਈ ਮਿਲਟਰੀ ਬੇਸ ਮੌਜੂਦ ਹਨ।ਉਨ੍ਹਾਂ ਨੇ ਕਿਹਾ ਕਿ ਇਹ ਕਥਿਤ ਮਿਜ਼ਾਇਲਿ ਹਮਲਾ ਉਸ ਥਾਂ ਦੇ ਕਰੀਬ ਸੀ ਜਿੱਥੇ ਸਾਨੂੰ ਯਕੀਨ ਹੈ ਕਿ ਈਰਾਨ ਪ੍ਰਮਾਣੂ ਹਥਿਆਰ ਵਿਕਸਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਜ਼ਰਾਈਲ ਦਾ ਹਮਲਾ ਉਸ ਦੀ ਸਮਰੱਥਾ ਅਤੇ ਮੰਸ਼ਾ ਦਾ ਇੱਕ ਵਿਖਾਵਾ ਸੀ।ਉਨ੍ਹਾਂ ਨੇ ਕਿਹਾ ਕਿ ਇਜ਼ਰਾਈਲ ਵੱਲੋਂ ਦਾਗੇ ਗਏ 300 ਦੇ ਕਰੀਬ ਡਰੋਨ ਅਤੇ ਮਿਜ਼ਾਇਲਾਂ ਨੂੰ ਅਸਮਾਨ ਵਿੱਚ ਹੀ ਰੋਕ ਦਿੱਤਾ ਗਿਆ ਸੀ ਜਦਕਿ ਇਜ਼ਰਾਈਲ ਨੇ ਆਪਣੇ ਨਿਸ਼ਾਨੇ ਉੱਤੇ ਇੱਕ ਜਾਂ ਦੋ ਮਿਜ਼ਾਇਲਾਂ ਦਾਗੀਆਂ ਅਤੇ ਨੁਕਸਾਨ ਕੀਤਾ।ਈਰਾਨ ਅਧਿਕਾਰੀ ਇਸ ਹਮਲੇ ਨੂੰ ਘੱਟ ਕਰਕੇ ਦਿਖਾ ਰਹੇ ਸਨ ਕਿਉਂਕਿ ਉਹ ਈਰਾਨ ਦੇ ਪੁਰਾਣੇ ਸੁਰੱਖਿਆ ਢਾਂਚੇ ਨੂੰ ਤੋੜਨ ਵਿੱਚ ਇਜ਼ਰਾਈਲ ਨੂੰ ਸਫ਼ਲ ਨਹੀਂ ਦਰਸਾਉਣਾ ਚਾਹੁੰਦੇ ਸਨ।

ਉਹ ਕਹਿੰਦੇ ਹਨ, ਇਜ਼ਰਾਈਲ ਦੀ ਫੌਜੀ ਸਮਰੱਥਾ ਈਰਾਨ ਨਾਲੋਂ ਕਿਤੇ ਵੱਧ ਹੈ ਅਤੇ ਇਹ ਉਸ ਦਾ ਹੀ ਇੱਕ ਪ੍ਰਦਰਸ਼ਨ ਸੀ। ਉਹ ਕਹਿੰਦੇ ਹਨ, ਈਰਾਨ ਪ੍ਰੌਕਸੀ ਸੰਗਠਨਾਂ ਰਾਹੀਂ ਇਜ਼ਰਾਈਲ ਨਾਲ ਅਸਿੱਧੀ ਜੰਗ ਨੂੰ ਤਰਜੀਹ ਦੇਵੇਗਾ ਬਜਾਏ ਕਿ ਸਿੱਧਾ ਟਾਕਰਾ ਲੈਣ ਦੇ ਜਿੱਥੇ ਇਸ ਨੂੰ ਪਤਾ ਹੈ ਕਿ ਉਨ੍ਹਾਂ ਦਾ ਨੁਕਸਾਨ ਹੋਵੇਗਾ। ਰੂਸ ਦੇ ਵਿਦੇਸ਼ ਮੰਤਰੀ ਸਰਗਈ ਲੈਵਰੋਵ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਰੂਸ ਨੇ ਇਜ਼ਰਾਈਲ ਤੱਕ ਇਹ ਸੁਨੇਹਾ ਪਹੁੰਚਾਇਆ ਸੀ ਕਿ ਈਰਾਨ ਇਸ ਨੂੰ ਹੋਰ ਵਧਾਉਣਾ ਨਹੀਂ ਚਾਹੁੰਦਾ।

**ਰੂਸ ਦੇ ਈਰਾਨ ਦੇ ਨਾਲ ਫੌਜੀ ਸਬੰਧ ਹਨ।**

ਲੈਵਰੋਵ ਨੇ ਕਿਹਾ, ਰੂਸ ਅਤੇ ਈਰਾਨ ਦੇ ਲੀਡਰਾਂ, ਸਾਡੇ ਨੁਮਾਇੰਦਿਆਂ ਅਤੇ ਇਜ਼ਰਾਈਲੀ ਲੋਕਾਂ ਦਾ ਫੋਨ ਉੱਤੇ ਸੰਪਰਕ ਹੋ ਚੁੱਕਿਆ ਹੈ, ਅਸੀਂ ਆਪਣੀ ਗੱਲਬਾਤ ਵਿੱਚ ਇਹ ਕਾਫੀ ਸਪੱਸ਼ਟ ਕੀਤਾ, ਅਸੀਂ ਇਜ਼ਰਾਈਲੀਆਂ ਨੂੰ ਕਿਹਾ ਕਿ ਈਰਾਨ ਇਸ ਤਣਾਅ ਨੂੰ ਹੋਰ ਵਧਾਉਣਾ ਨਹੀਂ ਚਾਹੁੰਦਾ।ਬ੍ਰਿਟਨ-ਗੋਰਡਨ ਨੇ ਕਿਹਾ ਕਿ ਈਰਾਨ ਨੇ ਪਿਛਲੇ ਹਫਤੇ ਇਜ਼ਰਾਈਲ @ਤੇ ਹਮਲਾ ਕਰਕੇ ਥੋੜ੍ਹਾ ਜਿਹਾ ਮਾਣ ਮਹਿਸੂਸ ਕੀਤਾ ਸੀ, ਪਰ ਉਹ ਇਸ ਨੂੰ ਹੋਰ ਨਹੀਂ ਲੈਣਾ ਚਾਹੁੰਦਾ ਸੀ। ਈਰਾਨ ਨੇ ਇਹ ਹਮਲਾ 1 ਅਪ੍ਰੈਲ ਨੂੰ ਸੀਰੀਆ 'ਚ ਆਪਣੇ ਵਣਜ ਦੂਤਘਰ 'ਤੇ ਇਜ਼ਰਾਈਲੀ ਮਿਜ਼ਾਈਲ ਹਮਲੇ ਤੋਂ ਬਾਅਦ ਕੀਤਾ ਸੀ। ਉਹ ਜਾਣਦਾ ਹੈ ਕਿ ਇਜ਼ਰਾਈਲ ਪੂਰੀ ਤਰ੍ਹਾਂ ਦ੍ਰਿੜ ਹੈ ਅਤੇ ਜਾਪਦਾ ਹੈ ਕਿ ਉਸ ਨੂੰ ਅਮਰੀਕਾ ਅਤੇ ਹੋਰ ਦੇਸ਼ਾਂ ਦਾ ਸਮਰਥਨ ਵੀ ਹੈ। ਈਰਾਨ ਇਸ ਗੱਲ 'ਤੇ ਬਹੁਤ ਜ਼ਿਆਦਾ ਭਰੋਸਾ ਨਹੀਂ ਕਰ ਸਕਦਾ ਕਿ ਉਸ ਨੂੰ ਯੂਕਰੇਨ ਦੀ ਬਜਾਏ ਮੱਧ ਪੂਰਬ ਵਿੱਚ ਰੂਸ ਤੋਂ ਕਿੰਨੀ ਥੋੜ੍ਹੀ ਮਦਦ ਮਿਲਦੀ ਹੈ।ਆਖਰੀ ਚੀਜ਼ ਜੋ ਉਹ ਕਰਨਾ ਚਾਹੁੰਦੇ ਹਨ, ਉਹ ਹੈ ਕੁਝ ਪ੍ਰਮੁੱਖ ਕੇਂਦਰਾਂ ਨੂੰ ਪ੍ਰਭਾਵਿਤ ਕਰਨਾ।

# ਕੁੜੀਆਂ ਨੂੰ ਮੁਫ਼ਤ ਨਾਲ ਸ਼ਰਾਬ ਤੇ ਡਰੱਗਜ਼ ਦੇ ਕੇ ਕੀਤਾ ਜਾਂਦਾ ਸੀ ਸੈਕਸ ਸੋਸ਼ਣ

## ਇਸ ਸਾਲ ਦੇ ਸ਼ੁਰੂਆਤ ਵਿੱਚ ਕੇ-ਪੌਪ (ਕੋਰੀਅਨ ਪੌਪ) ਦਾ ਨਾਮ ਇੱਕ ਅਜਿਹੇ ਸਕੈਂਡਲ ਵਿੱਚ ਆਇਆ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ



ਦੁਨੀਆਂ ਦੇ ਮਸ਼ਹੂਰ ਬੁਆਏ ਬੈਂਡ ਗਰੁੱਪ ਬਿਗ ਬੈਂਗ ਦੇ ਗਾਇਕ ਸਨਗਿਰੀ ਤੋਂ ਪੁਲਿਸ ਨੇ ਪੁੱਛਗਿੱਛ ਕੀਤੀ। ਉਸ ਉੱਤੇ ਇਲਜ਼ਾਮ ਹੈ ਕਿ ਉਸ ਨੇ ਕਾਰੋਬਾਰ ਲਈ ਵੇਸਵਾਵਾਂ ਦੀ ਦਲਾਲੀ ਕੀਤੀ ਅਤੇ ਉਹ ਪੈਸਾ ਉਸ ਨੇ ਨਾਈਟ ਕਲੱਬ ਬਰਨਿੰਗ ਸਨ ਉੱਤੇ ਲਾਇਆ। ਇਹ ਨਾਈਟ ਕਲੱਬ ਦੱਖਣੀ ਕੋਰੀਆ ਦੇ ਸਿਓਲ ਦੇ ਗੰਗਨਮ ਜ਼ਿਲ੍ਹੇ ਵਿੱਚ ਹੈ ਅਤੇ ਉਸ ਵਿੱਚ ਸਨਗਿਰੀ ਦੀ ਹਿੱਸੇਦਾਰੀ ਹੈ। ਸਨਗਿਰੀ ਦੇ ਕੁਝ ਕੇ-ਪੌਪ ਦੋਸਤ ਵੀ ਸੈਕਸ ਵੀਡੀਓਜ਼ ਸ਼ੇਅਰ ਕਰਦੇ ਅਤੇ ਚੈਟ ਰੂਮ ਵਿੱਚ ਔਰਤਾਂ ਦੇ ਬਲਾਤਕਾਰ ਬਾਰੇ ਸ਼ੇਖੀ ਮਾਰਦੇ ਫੜ੍ਹੇ ਗਏ ਸਨ। ਹਾਲ ਹੀ ਵਿੱਚ ਗੰਗਨਮ ਵਿੱਚ ਹੋਰ ਵੀ ਹੈਰਾਨ ਕਰਨ ਵਾਲੀ ਤਸਵੀਰ ਸਾਹਮਣੇ ਆਈ। ਇੱਥੇ ਦੱਖਣੀ ਕੋਰੀਆ ਦੇ ਹਾਈ-ਸੁਸਾਇਟੀ ਲੋਕ ਰਹਿੰਦੇ ਹਨ ਤੇ ਕੰਮ ਕਰਦੇ ਹਨ। ਬੀਬੀਸੀ ਨੂੰ ਜਾਣਕਾਰੀ ਮਿਲੀ ਸੀ ਕਿ ਨਾਈਟ-ਕਲਬਜ਼ ਵਿੱਚ ਅਮੀਰ ਤੇ ਰਸੂਖ ਵਾਲੇ ਮਰਦ ਔਰਤਾਂ ਨੂੰ ਡਰੱਗਜ਼ ਦਿੰਦੇ ਹਨ ਤੇ ਘੱਟ ਉਮਰ ਦੀਆਂ ਕੁੜੀਆਂ ਨਾਲ ਸਰੀਰਕ ਸ਼ੋਸ਼ਣ ਕਰਦੇ ਹਨ।

**'ਉਹ ਮੈਨੂੰ ਪਾਣੀ ਦਿੰਦਾ ਰਿਹਾ'**

